

# ਏਸ ਜਨਮ ਨਾ ਜਨਮੇ

ਸੁਖਪਾਲ

# ਏਸ ਜਨਮ ਨਾ ਜਨਮੇ

**ਇਸ ਤੋਂ ਪਹਿਲਾਂ**

ਚੁੱਪ ਚੁਪੀਤੇ ਚੇਤਰ ਚੜ੍ਹਿਆ (ਕਾਵਿ) 2003

ਰਹਣੁ ਕਿਥਾਊ ਨਾਹਿ (ਕਥਾ-ਕਾਵਿ) 2007

ਉੱਚੀ ਥਾਵੇਂ ਨਿਹੁੰ ਲਗਾਇਆ ਪਈ ਮੁਸੀਬਤ ਭਾਰੀ
ਯਾਰਾਂ ਬਾਝ ਮੁਹੰਮਦ ਬਖ਼ਸ਼ਾ ਕੌਣ ਕਰੇ ਗ਼ਮਖ਼ਾਰੀ

ਟਿੰਡਾਂ ਪਾਣੀ ਭਰ ਭਰ ਡੋਲ੍ਹਣ ਵਾਂਗਰ ਦੁਖੀਆਂ ਨੈਣਾਂ
ਖ਼ਾਲੀ ਘਰ ਨੂੰ ਪਰਤਣ ਜੀਕਰ ਟੋਰ ਭਰਾਵਾਂ ਭੈਣਾਂ

ਜਿੰਦ ਸ਼ਿਕੰਜੇ ਅੰਦਰ ਫਾਥੀ ਜਿਉਂ ਵੇਲਣ ਵਿੱਚ ਗੰਨਾ
ਹੁਣ ਮੁਹੰਮਦ ਬਖ਼ਸ਼ਾ ਰਹੁ ਨੂੰ ਰਹੁ ਆਖੇਂ ਤਾਂ ਮੰਨਾਂ ...

ਮੀਆਂ ਮੁਹੰਮਦ ਬਖ਼ਸ਼
( 1830 - 1907 )
ਬਾਨੀ : ਸੈਫ਼-ਉਲ-ਮਲੂਕ



# ਏਸ ਜਨਮ ਨਾ ਜਨਮੇ

ਕਾਵਿ

੨੦੧੧
ਅੰਤਰਨਾਦ ਪ੍ਰਕਾਸ਼ਨ
ਪਟਿਆਲਾ

ਏਸ ਜਨਮ ਨਾ ਜਨਮੇ

**ਸੁਖਪਾਲ** ੨੦੧੧

Es Janam Na Janmay

**Poems by :**

**SUKHPAL**

**PHONE :** 001 519 265 1265

**E-mail :** sukhpal@live.com

59 – Southcreek Trail, GUELPH

Ontario, **CANADA** – N1G 4Y9

Box - 84, Head Post Office,

**Patiala,** Punjab, India.

ਪਹਿਲੀ ਛਾਪ : ੨੦੧੧

ਸਰਵਰਕ ਚਿੱਤਰ : " ਚੰਦਰਮਾ ਦਾ ਜਨਮ "

ਵਿਉਂਤ, ਅੱਖਰਬੀੜ : ਸੁਖਪਾਲ

ਫ਼ੌਂਟ : ਸਮਤੋਲ ਪਰਵਾਰ

ਪ੍ਰਕਾਸ਼ਕ : ਅੰਤਰਨਾਦ ਪ੍ਰਕਾਸ਼ਨ, ਬਾਕਸ-84,
ਮੇਨ ਪੋਸਟ ਆਫ਼ਿਸ, ਪਟਿਆਲਾ, ਪੰਜਾਬ.

ਪ੍ਰਿੰਟਰ : ਕ੍ਰੇਨੀਅਲਜ਼ ਪ੍ਰਿੰਟਰਜ਼
50 - ਪ੍ਰਤਾਪ ਕਲੋਨੀ, ਮਾਡਲ ਗ੍ਰਾਮ
ਲੁਧਿਆਣਾ, ਪੰਜਾਬ - 141 002.
ਫ਼ੋਨ : +91 (161) 242-1872
ਮੋਬਾਈਲ : +91 98760-20882
ਈ-ਮੇਲ : cranials@gmail.com

## ਮਾਂ ਲਈ

ਜਿਸਦਾ ਜਨਮ
ਅਜਨਮ ਜਿਹਾ

ਜਿਸਦਾ ਹੋਣਾ
ਨਾ ਹੋਣ ਮਗਰੋਂ ਜਾਣਿਆ



ਮੈਂ ਸ਼ਬਦ
ਤੁਧ ਲਈ ਲਿਆਇਆ
ਤੂੰ ਆਪਣੀ ਚੁੱਪ
ਮੈਨੂੰ ਦੇ ਦੇ

ਤੈਨੂੰ ਜਿਹੜਾ ਸ਼ਬਦ ਆਪਣਾ ਲੱਗੇ
ਬੋਲੀਂ
ਮੈਂ ਤੇਰੀ ਚੁੱਪ ਨਾਲ
ਸੁਣਾਂਗਾ ...

ਤਤਕਰਾ


ੳ

34 : ਉਚਾਈ
63 : ਓਦੋਂ ਤੇ ਹੁਣ

ਅ

09 : ਆਦਿਕਾ
12 : ਆਪੇ ਕਵਿਤਾ
19 : ਅੰਕੁਰ
24 : ਆਪੇ ਹੀ
51 : ਅਡੋਲ
61 : ਅਰਜਨ
62 : ਅੱਜ ਦਾ ਵਰ
70 : ਆਪੋ ਧਾਪੀ
74 : ਅਨਿਆਂ ਦੀ ਦਸਤਕ
80 : ਅਜਬ ਲੋਕ
96 : ਅੰਤਮ ਕਵਿਤਾ

ੲ

12 : ਇਉਂ ਕਰੀਏ
15 : ਏਸ ਜਨਮ ਨਾ ਜਨਮੇ ਮਾਧਉ
28 : ਏਥੇ ਹੀ ਹੈ

ਸ

10 : ਸ਼ਬਦ ਇਕੱਲਾ
13 : ਸਾਂਭ ਲਈਏ ਕਵਿਤਾ ਨੂੰ
39 : ਸੂਰਜ
41 : ਸੋਹਿਲਾ
52 : ਸੂਖਮ ਅਤੇ ਵਿਰਾਟ
54 : ਸੁਰਤ ਦਾ ਬੀਅ
69 : ਸ਼ੋਰ

ਹ

21 : ਹੋਣਾ
46 : ਹਿਲੋਰ

ਕ

11 : ਕਵਿਤਾ ਕਿਉਂ ਕਿਵੇਂ
14 : ਕਿਉਂ ਨਾ
18 : ਕਬਰ ਦਾ ਫੁੱਲ
30 : ਕਦੇ ਤਾਂ ਮਿਲੀਏ
31 : ਕਦੇ ਨਹੀਂ ਮਿਲਦੇ
38 : ਕਸਤੂਰੀ
48 : ਕੱਪ
54 : ਕੰਢੇ
66 : ਕਦਮ
68 : ਕਾਹਲਾ ਗਵੱਈਆ
81 : ਕਾਲਾ ਬੰਦਾ
95 : ਕਵਿਤਾ ਦੀ ਉਡੀਕ

ਖ

ਗ

56 : ਗੋਬਿੰਦ
58 : ਗੋਬਿੰਦ ਵਰਗਾ
92 : ਗਲਤੀਆਂ

ਘ

76 : ਘੋੜਾ ਮਾਲਕ ਅਤੇ ਸਵਾਰ

ਙ

ਚ

42 : ਚੰਨ ਤੇ ਤਾਰੇ
43 : ਚੰਦ
49 : ਚੋਗਾ
50 : ਚਿੜੀ
75 : ਚੱਕਰ

ਛ

33 : ਛੋਹ

ਜ

35 : ਜੁਗ
36 : ਜੇ ਮੈਂ ਰੱਬ ਹੋਵਾਂ
51 : ਜਾਤ੍ਰਾ
93 : ਜਿਊਂਦੇ ਜਾਗਦੇ
94 : ਜਿਊਂਦੀ ਕਵਿਤਾ

ਝ

26 : ਝਾੜੀ

ਞ

ਟ

40 : ਟਿਕੀ ਰਾਤ

ਠ

47 : ਠੀਕਰ

ਡ

72 : ਡਰ

ਢ

ਣ

ਤ

65 : ਤਲੀਆਂ
67 : ਤੀਜਾ ਬੰਦਾ

ਥ

ਦ

ਧ

64 : ਧੋਤਾ ਕਪੜਾ

ਨ

23 : ਨਦੀਨ
32 : ਨਦੀ ਤੇ ਕੰਢਾ
44 : ਨਦੀ
77 : ਨਸ਼ਈ
90 : ਨਾਂ

ਪ

ਫ

ਬ

20 : ਬੀਅ ਜਾਗਦਾ
25 : ਬਾਗ
27 : ਬਹਾਰ
52 : ਬੁੱਧ ਸਿਧਾਰਥ
53 : ਬੁੱਧ ਤੇ "ਮਾਰ"
68 : ਬੇਸੁਰ
78 : ਬੇਹੀ ਰੋਟੀ
79 : ਬੁਰਕੀ

ਭ

22 : ਭੁੱਜੇ ਦਾਣੇ

ਮ

18 : ਮੁੱਕਣ ਮਗਰੋਂ
19 : ਮਿੱਟੀ ਮਾਂ
29 : ਮਾਇਆ

ਯ

ਰ

ਲ

ਵ

ੜ

# ਧੰਨੂ

ਪਰਵੀਨ

ਗੌਤਮ ਪਰਵਾਰ

ਸ਼ਮਸ਼ੇਰ ਭੁੱਲਰ

ਬਲਰਾਜ ਚੀਮਾ

ਅਮਰਜੀਤ ਸਾਥੀ

ਨੀਰੂ ਅਸੀਮ

ਤੇ

ਗੁਰਬਚਨ



ਕਵਿਤਾ ਸੰਸਕ੍ਰਿਤੀ ਵਿਚੋਂ ਉਪਜਦੀ ਹੈ
ਕਵੀ ਵਿਚੋਂ ਹੋ ਕੇ
ਸੰਸਕ੍ਰਿਤੀ ਵਿਚ ਪਰਤ ਜਾਂਦੀ ਹੈ

**ਏਸ ਪੁਸਤਕ ਦਾ ਕੋਈ ਕਾਪੀਰਾਈਟ ਨਹੀਂ**

# ਆਦਿਕਾ

ਇਹ ਕਵਿਤਾ ਲਿਖੀ ਹੈ ਓਵੇਂ
ਜੀਕਰ ਸਾਡੀ ਮਾਂ ਬਣਾਵੇ ਰੋਟੀ ਸਬਜ਼ੀ

ਜੋੜ ਮੇਲ ਸਬਜ਼ੀ ਭਾਜੀ ਦਾ
ਖੱਟਣ-ਮਿੱਠ ਮਸਾਲੇ ਦੀ
ਜਾਂ ਫਿਰ ਜਾਚ ਪਰੋਸਣ ਦੀ
ਮਾਂ ਨੂੰ ਬਹੁਤਾ ਪਤਾ ਨਹੀਂ
ਫ਼ਿਰ ਵੀ ਉਹਦਾ ਅੰਨ ਪਕਾਇਆ ਚੰਗਾ ਲੱਗੇ

ਮਾਂ ਬਣਾਵੇ ਰੋਟੀ
ਜਦ ਮਾਂ ਨੂੰ ਭੁੱਖ ਲੱਗੇ
ਸਾਨੂੰ ਸਭ ਨੂੰ ਭੁੱਖ ਲੱਗੇ

ਜਦੋਂ ਬਣਾਈ ਸਬਜ਼ੀ ਮਾਂ ਨੂੰ ਚੰਗੀ ਲੱਗੇ
ਆਖੇ - "ਜਾਹ !
ਕੌਲ ਗੁਆਂਢੀਆਂ ਘਰ ਦੇ ਆ"
ਏਵੇਂ ਹੀ ਮੈਂ ਕਵਿਤਾ ਲੈ ਕੇ ਆਇਆ ...

ਮਾਂ ਘਰ ਆਈ ਸਬਜ਼ੀ ਦੀ
ਸਿਫ਼ਤ ਕਰੇ
ਜੇ ਸੱਚੀਂ ਚੰਗੀ ਲੱਗੇ
ਨਹੀਂ ਤਾਂ ਇਕ ਅੱਧ ਬੁਰਕੀ ਖਾ ਕੇ
ਰੱਖ ਦੇਵੇ
ਆਖੇ
"ਜਿਸਨੂੰ ਚੰਗੀ ਲੱਗੇ - ਖਾ ਲਏ"
ਆਪ ਕੰਮ ਲੱਗ ਜਾਵੇ

ਜੇ ਜੀਅ ਚਾਹੇ
ਤੁਸੀਂ ਵੀ ਏਵੇਂ ਕਰਨਾ ...



# ਸ਼ਬਦ ਇਕੱਲਾ

ਜਿਹੜੇ ਪਲ ਛਿਣ
ਕਵਿਤਾ ਜਨਮੇ ...

ਕਲਮ ਆਲ੍ਹਣਾ ਬਣ ਜੇ
ਸਿਆਹੀ ਤੁਪਕਾ  ਚੋਗਾ
ਸ਼ਬਦਾਂ ਨੂੰ ਖੰਭ ਲੱਗਣ
ਕਾਗਦ ਭਏ ਆਸਮਾਨ
ਸਿਰਫ਼ ਪੰਖੇਰੂ ਸਕਦੇ
ਜਿਸਦਾ ਰਾਹ ਪਛਾਣ

ਹੱਥ ਅਦਿੱਖ ਹੋ ਜਾਵੇ
ਜਿਉਂ
ਤੁਰਦੇ ਰਾਹੀ ਨਜ਼ਰੋਂ
ਤੁਰਿਆ ਕਦਮ ਅਦਿੱਖ ਹੋ ਜਾਵੇ

ਮੈਂ ਮੁੱਕ ਜਾਵਾਂ
ਜਗ ਸਗਲਾ ਮੁੱਕ ਜਾਵੇ
ਜਿਉਂ
ਅੰਤਮ ਸਾਹ ਦਾ ਹੱਥ
ਹੱਥਾਂ ਵਿੱਚ ਲੈ ਕੇ
ਪ੍ਰਾਣ ਅਲੋਪ ਹੋ ਜਾਵੇ

ਬਚਦਾ
ਸ਼ਬਦ ਇਕੱਲਾ ...



# ਕਵਿਤਾ ਕਿਉਂ ਕਿਵੇਂ

ਮੈਂ ਕਵਿਤਾ ਨੂੰ
ਰੋਏਂ ਰੋਏਂ ਲਹਿੰਦੀ ਵੇਖਾਂ
    ਕਿੰਜ ਲਹਿੰਦੀ
    ਕਿਉਂ ਲਹਿੰਦੀ
ਮੈਂ ਨਾ ਜਾਣਾਂ ...

ਉੱਡਾਂ ਸਹਿਜ ਸੁਭਾਏ
ਖੰਭਾਂ ਤੋਂ ਅਣਜਾਣਾ

ਬਾਲ਼ ਜਿਹਾ ਹਾਂ
ਮਾਂ ਚੰਗੀ ਲਗਦੀ
ਪਤਾ ਨਹੀਂ ਕਿਉਂ ਚੰਗੀ ਲਗਦੀ

ਫੁੱਲ ਨੂੰ ਤੋੜ ਨਿਖੇੜ
ਖੁਰਦਬੀਨ ਹੇਠਾਂ ਰੱਖ
ਅੰਗ ਅੰਗ ਨੂੰ ਨਾਉਂ ਦੇ
ਸਮਝ ਨਾ ਸਕਾਂ

ਮੈਂ ਤਾਂ ਬੱਚਾ
ਫੁੱਲ ਸੁੰਘ ਹੱਸਾਂ
ਪਤਾ ਨਹੀਂ ਕਿਉਂ ਹੱਸਾਂ ...

ਸੋਹਣਿਓ !
ਮਿੱਤਰ ਪਿਆਰਿਓ !
ਕਵਿਤਾ ਮੈਨੂੰ ਓਵੇਂ ਚੰਗੀ ਲਗਦੀ
ਜਿਉਂ ਆਪਣਾ ਆਪ ...

ਕਿਉਂ ... ਪਤਾ ਨਹੀਂ
ਕਿਵੇਂ ... ਪਤਾ ਨਹੀਂ

## ਆਪੇ ਕਵਿਤਾ

ਧਰਤੀ ਗਲ ਲੱਗਾ ਦਰਿਆ
ਬੈਠਾ ਸਹਿਜ ਪਹਾੜ
ਵਣ-ਤ੍ਰਿਣ ਖਿੜੀ
ਪੌਣ ਤੇ ਧੁੱਪ ਦੀ ਗਲਵਕੜੀ
ਚਾਦਰ ਤਾਣ ਪਿਆ ਆਕਾਸ਼
ਜਗਣ ਦੀ ਆਸ 'ਚ ਦੀਵਾ
ਉੱਗਦਾ ਬੱਚਾ
ਸੂਈ ਪਿੱਛੇ ਤੁਰਦਾ ਧਾਗਾ
ਨੱਕਿਓਂ ਮੁੜਿਆ ਪਾਣੀ
ਵਗਦੀ ਰਹੁ
ਪਿਘਲਦੀ ਧਾਤ
ਲੜਦਾ ਰੁੱਖ
ਟੋਲਦਾ ਹੱਥ ਅੰਗਾਂ ਨੂੰ
ਪੰਛੀ ਲੈਂਦਾ ਸਾਹ

ਸਾਰੇ ਕਰਦੇ ਕਵਿਤਾ ...
ਸਾਰੇ ਆਪੇ ਕਵਿਤਾ ...

## ਇਉਂ ਕਰੀਏ

ਇਸ ਪਿੰਡੇ ਦੇ ਰੇਸ਼ੇ ਰੇਸ਼ੇ
ਉਤਰ ਜਾਣੀਏ
ਕਿਵੇਂ ਜਿਊਂਦਾ ...
ਨੀਂਦ 'ਚ ਜਾਗ ਕੇ ਲੱਭੀਏ
ਸੁਪਨ-ਕੁੰਭ
ਕਿੱਥੇ ਲੁਕਦਾ ...
ਰਿਸ਼ਮ 'ਚ ਘੁਲ ਕੇ ਤੱਕੀਏ
ਸੱਤ ਰੰਗ
ਚਾਨਣ ਕਿਵੇਂ ਸੰਭਾਲੇ ...
ਵਿਚ ਖ਼ਲਾਅ ਦੇ ਗੁੰਮੀਏ
ਫ਼ੈਲ ਰਹੀ ਇਹ ਸ੍ਰਿਸ਼ਟੀ
ਕਿਸ ਵਿਚ ਫ਼ੈਲੇ ...
ਟਿੰਡ ਕਲਮ ਦੀ ਫ਼ੜ ਕੇ
ਖੂਹ ਵਿੱਚ ਲਹੀਏ
ਸ਼ਬਦਾਂ ਦਾ ਘਰ ਜਾਣ
ਦਮ ਦਮ ਕਹੀਏ ...

# ਸਾਂਭ ਲਈਏ ਕਵਿਤਾ ਨੂੰ

ਸਾਂਭ ਲਈਏ ਕਵਿਤਾ ਨੂੰ
ਉਸ ਵੇਲੇ ਲਈ ...

ਚਾਰਦੀਵਾਰੀ ਕਮਰਿਆਂ ਅੰਦਰ   ਪਰਦੇ ਘਰ ਦੇ ਬਾਹਰ ਹੋਣੇ
ਟੈਲੀਫ਼ੋਨ ਹੀ ਟੈਲੀਫ਼ੋਨ ਦਾ ਸੁੱਖ ਦੁੱਖ ਪੁੱਛਦੇ ਹੋਣੇ
ਨਾਨਕਿਆਂ ਦੀ ਥਾਵੇਂ ਬੱਚਿਆਂ 'ਜੁਰਾਸਿਕ ਪਾਰਕ' ਜਾਣਾ
ਆਪ ਮਸ਼ੀਨ ਬਣਾ ਕੇ ਬੰਦਿਆਂ ਉਸ ਤੋਂ ਪੱਛੜ ਜਾਣਾ
ਪੈਰਾਂ ਨੂੰ ਕਾਰਾਂ ਨੇ ਖੋਹਣਾ ਫ਼ੇਸਬੁੱਕ ਨੇ ਚਿਹਰਾ
ਔਣ ਜਾਣ ਦੇ ਸਾਧਨ ਹੁੰਦਿਆਂ ਮੇਲ ਗੇਲ ਮੁੱਕ ਜਾਣਾ
ਕੁੱਖ ਵਿਕਣੀ ਮਸਨੂਈ ਮਮਤਾ ਨੇ ਸਰਕਾਰੀ ਹੋਣਾ
ਮੰਮੀ ਡੈਡੀ ਇਕ ਦੂਜੇ ਨੂੰ ਹਫ਼ਤੇ ਪਿੱਛੋਂ ਤੱਕਣਾ
ਰਲ ਕੇ ਬਹਿਣ ਦੀ ਥਾਵੇਂ ਆਪਾਂ ਕੰਪਿਊਟਰ ਤੇ ਬਹਿਣਾ
ਇੰਟਰਨੈੱਟ ਤੇ ਮਿਲਣਾ ਕੁੱਲ ਦੁਨੀਆ ਦਾ ਗਿਆਨ
ਦੁੱਖ ਗੁਆਂਢੀ ਦਾ ਗੁੰਮਨਾਮ ਹੀ ਰਹਿਣਾ
ਯਾਦਾਂ ਹਾਸਿਆਂ ਰਿਸ਼ਤਿਆਂ ਨਾਲੋਂ ਘਰ ਵਿਚ ਡੱਬੇ ਬਹੁਤੇ ਹੋਣੇ
ਕਪੜੇ ਥੋੜ੍ਹੇ ਹੋਣੇ   ਲਾਹੁਣ ਦੇ ਪੈਸੇ ਬਹੁਤੇ ਮਿਲਣੇ

ਹਰ ਇੱਕ ਬੰਦਾ ਸੈੱਲ ਫ਼ੋਨ ਤੇ ਇਕ ਦੂਜੇ ਨਾਲ ਜੁੜਿਆ ਹੋਣਾ
ਹਰ ਬੰਦਾ ਹਰ ਬੰਦੇ ਨਾਲੋਂ ਟੁੱਟਿਆ ਹੋਣਾ ...

ਪਰ ਓਦੋਂ ਵੀ ...

ਲੋਕਾਂ ਪਿਆਰ ਨੂੰ ਲੱਭਿਆ ਕਰਨਾ
ਚੁੱਪ ਦਾ ਤਰਸੇਵਾਂ ਨਾ ਮੁੱਕਣਾ
ਨਿਆਂ ਦਾ ਬਦਲ ਨਿਆਂ ਹੀ ਰਹਿਣਾ
ਸਾਹਾਂ ਦੇ ਫੰਭੇ ਬਾਝੋਂ ਦੁੱਖ ਹਰਾ ਨਾ ਹੋਣਾ
ਪਿੱਠ ਤੇ ਟਿਕਦਾ ਮੋਹ ਭਰਿਆ ਹੱਥ ਕਿਤੇ ਨਾ ਵਿਕਣਾ
ਦੋ ਅੱਖਾਂ 'ਚੋਂ ਸਗਲਾ ਜਗ ਪੂਰਾ ਨਾ ਦਿਸਣਾ ...

ਏਸ ਵਾਸਤੇ
ਆਪੋ ਆਪਣੀ ਛਾਤੀ ਵਿੱਚ
ਲੁਕਾਅ ਕੇ ਰਖੀਏ
ਕਵਿਤਾ ਨੂੰ ...



# ਕਿਉਂ ਨਾ

ਕਵਿਤਾ
ਪਲ ਪਲ ਵਾਅ ਖ਼ਲਾਅ ਵਿਚ
ਕਿਉਂ ਨਾ ਗੂੰਜੇ ...

ਫੁੱਲ
ਬੰਦਿਆਂ ਅੰਦਰ ਵੀ
ਕਿਉਂ ਨਾ ਉਗਦੇ ...

ਦੁੱਖ
ਫਲ ਵਾਂਗੂੰ ਪੱਕ ਕੇ
ਡਿੱਗਦਾ ਕਿਉਂ ਨਾ ...

ਚੀਕ
ਸਭਾਂ ਨੂੰ
ਸੁਣਦੀ ਕਿਉਂ ਨਾ ...

ਧੁੱਪ
ਮਿਲ਼ਣ ਤਹਿਖ਼ਾਨੇ ਨੂੰ
ਔਂਦੀ ਕਿਉਂ ਨਹੀਂ ...

ਸਹਿਜ
ਹੋਵਣਾ
ਸਹਿਜ ਕਿਉਂ ਨਹੀਂ ...



# ਐਸ ਜਨਮ ਨਾ ਜਨਮੇ ਮਾਧਉ

ਸਾਡੇ ਬੱਚੇ !
ਤੂੰ ਜੋ ਕੱਦ ਵਿੱਚ
ਮੇਰੇ ਨਹੁੰ ਤੋਂ ਨਿੱਕਾ ਸੈਂ
ਹਫ਼ਤੇ ਹਫ਼ਤੇ ਤੇਰੀ ਉਮਰਾ
ਮੇਰੇ ਪੋਟਿਆਂ ਤੋ ਥੋੜ੍ਹੀ ਸੀ
ਘਰ ਤੇਰਾ ਅਜੇ ਮਾਂ ਦੀ ਕੁੱਖ ਸੀ
ਤੂੰ ਤਾਂ ਨਹੀਂ ਰਿਹਾ ...
ਅਸੀਂ ਹਾਲੇ ਵੀ ਤੇਰੇ
ਮਾਂ ਪਿਤਾ ...

ਮਾਂ ਬਾਪ ਹੋ ਜਾਵਣ ਮਗਰੋਂ
ਮਾਂ ਬਾਪ ਨਾ ਹੋਣਾ
ਕਿਵੇਂ ਅਸੰਭਵ ਹੁੰਦਾ ...
ਪੱਲਾ ਖਾਲੀ ਹੁੰਦੇ ਸੁੰਦੇ
ਜੀਅ ਕਿੰਜ ਭਰਿਆ ਹੁੰਦਾ ...

ਆਉਣ ਤੋਂ ਪਹਿਲਾਂ ਹੀ ਕੋਈ
ਕਿੱਦਾਂ ਜਾਂਦਾ ...
ਇਹ ਸਭ ਤੇਰੇ
ਵਿਛੜਣ ਮਗਰੋਂ ਜਾਣਿਆ
ਕੁੱਖ ਤੇ ਹੱਥ ਧਰ ਮਾਂ ਆਖੇ
ਪਹਿਲੀ ਵਾਰ ਓਸ
"ਖਾਲੀ" - ਸ਼ਬਦ ਦਾ ਅਰਥ ਜਾਣਿਆ ...

ਮਾਂ ਦੀ ਕੁੱਖ ਵਿਚ ਆ ਗਿਆ ਸੈਂ ਤੂੰ
ਕੁੱਖੋਂ ਬਾਹਰ ਆਉਣ ਸਮਾਂ
ਨਾ ਆਇਆ ਹਾਲੇ
ਹੁਣ ਜਾਣਿਆ ...
ਸਮੇਂ ਤੋਂ ਪਹਿਲਾਂ ਹੀ ਘਟਨਾ ਦਾ ਵਾਪਰ ਜਾਣਾ
ਓਨਾ ਹੀ ਦੁਖਦਾਈ ਹੁੰਦਾ
ਜਿੰਨਾ ਸਮੇਂ ਤੋਂ ਪੱਛੜ ਜਾਣਾ ...

ਤੂੰ ਜੰਮਦਾ ਤਾਂ ਤੈਨੂੰ ਮਿਲ ਕੇ ਗੋਦੀ ਦੇਂਦੇ
ਇਹ ਘਰ ਦੇਂਦੇ
ਏਸ ਮੁਲਕ ਦਾ ਸ਼ਹਿਰੀ ਹੋਣਾ ਵੀ ਮਿਲ ਜਾਂਦਾ
ਪਰ ਕੁਦਰਤ ਨੂੰ ਕਹਿ ਕੇ ਤੈਨੂੰ
ਮਾਂ ਦੇ ਗਰਭ 'ਚ
ਨਾੜੂ ਨਾਲ ਜੁੜਣ ਜਿੰਨੀ ਥਾਂ ਲੈ ਦੇਣਾ
ਸਾਡੇ ਵਸ ਨਾ ਹੋਇਆ ...

ਜਦ ਤੂੰ ਕੁੱਖ ਧਾਰਣ ਕੀਤੀ ਸੀ
ਤੇਰੇ ਅੱਧੇ ਗੁਣ ਸਨ ਮੇਰੇ   ਅੱਧੇ ਮਾਂ ਦੇ
ਇਹ ਤਾਂ ਵੇਖਣ ਨੂੰ ਲਗਦਾ ਹੈ
ਸਾਡੇ ਮੇਲ 'ਚੋਂ ਤੂੰ ਸੀ ਜੰਮਣਾ
ਸੱਚ ਤਾਂ ਇਹ ਹੈ
ਤੇਰੇ ਕਰਕੇ ਅਸਾਂ ਦੁਹਾਂ ਸੀ
ਪਹਿਲੀ ਵਾਰੀ "ਮਿਲਣਾ" ...

ਜਦ ਤੂੰ ਮਾਂ ਦੇ ਗਰਭ 'ਚ ਸੀ
ਉਹ ਮੈਨੂੰ ਹੱਸ ਕੇ ਕਹਿੰਦੀ
"ਹੁਣ ਮੈਂ ਤੈਨੂੰ ਆਪਣੇ ਅੰਦਰੋਂ ਵੀ ਛੋਹ ਸਕਦੀ"
ਤੇਰੇ ਵਿਛੜਣ ਮਗਰੋਂ ਉਸ ਨੂੰ ਲਗਦਾ
ਤੂੰ ਹੀ ਨਹੀਂ - ਹੁਣ
ਮੈਂ ਵੀ ਉਸਦੇ ਹੱਥੋਂ ਛੁੱਟ ਗਿਆ ....

ਪਿੰਡੇ ਦਾ ਵਿਗਿਆਨ ਆਖਦਾ
ਮੌਤ ਵਾਪਰੇ ਓਦੋਂ
ਜਿਸ ਪਲ ਬੰਦ ਹੁੰਦਾ ਹੈ
ਹਿਰਦਾ ਜਾਂ ਸਾਹ ...
ਤੇਰਾ ਹਿਰਦਾ ਅਜੇ ਅਧੂਰਾ ਸੀ
ਮਾਂ ਦਾ ਸਾਹ ਹੀ ਤੇਰਾ ਸਾਹ ਸੀ
ਤੇਰੀ ਮਾਂ ਤਾਂ ਹਾਲੇ ਵੀ ਸਾਹ ਲੈਂਦੀ
ਹਿਰਦਾ ਉਸਦਾ ਹਾਲੇ ਧੜਕੇ
ਫਿਰ ਵੀ ਮੌਤ ਹੋ ਗਈ ਤੇਰੀ ...

ਮਾਂ ਦੀ ਕੁੱਖ ਵਿਚ
ਦਿਲ ਤੋਂ ਪਹਿਲਾਂ
ਸਾਹ ਤੋਂ ਬਿਨਾ ਵੀ
ਜੀਂਦਾ ਸੈਂ ਤੂੰ ਭਰੂਣ ਰੂਪ ਵਿਚ
ਉਸ ਤੋਂ ਪਹਿਲਾਂ ਜੀਂਦਾ ਸੈਂ ਅੰਡੇ ਦੀ ਸ਼ਕਲੇ
ਓਦੂੰ ਪਹਿਲਾਂ ਮਾਂ ਦੇ ਪਿੰਡੇ ਅੰਦਰ ਪਸਰੇ
ਮਾਸ ਦੇ ਅਣੂਆਂ ਵਿਚ ਜੀਂਦਾ ਸੈਂ
ਇਹ ਅਣੂ ਆਏ ਸਨ – ਵਾਅ ਮਿੱਟੀ ਭੋਜਨ 'ਚੋਂ
ਮਾਂ ਦੇ ਪਿੰਡੇ ਕਿਸੇ ਰੂਪ ਵਿਚ ਔਣੋਂ ਪਹਿਲਾਂ
ਆਲ ਦੁਆਲੇ ਦੀ ਸ੍ਰਿਸ਼ਟੀ ਵਿੱਚ ਜੀਂਦਾ ਸੈਂ ਤੂੰ
ਸਿਰਫ਼ ਅਸੀਂ ਨਹੀਂ ਸਾਂ ਤੱਕ ਸਕਦੇ ...

ਓਵੇਂ ਹੀ ਤੂੰ ਅਜੇ ਜਿਊਂਦਾ ਹੈਂ ਕੁਦਰਤ ਵਿੱਚ
ਏਥੇ ਕਿਧਰੇ
ਸਿਰਫ਼ ਅਸੀਂ ਹੀ ਵੇਖ ਨਾ ਸਕਦੇ ...

ਸਾਡੀ ਸੋਚ ਦੇ ਅੰਦਰ
ਸਾਡਾ ਦੁੱਖ ਤੇ ਸੁੱਖ ਹੈ –
ਸੱਚ ਤਾਂ ਸੋਚੋਂ ਬਾਹਰ ਵਸਦਾ
ਤੇਰਾ ਜਾਣਾ ਪੀੜ ਤਾਂ ਹੈ
ਸੱਚ ਵੀ ਹੈ ਸਾਡਾ

ਸੱਚ ਓਨਾ ਹੀ ਰੌਸ਼ਨ
ਜਿੰਨੀ ਮਾਂ ਦੀ ਕੁੱਖ

ਆਪਣੀ ਮਾਂ ਦੀ ਕੁੱਖ ਦੇ ਨਿੱਜ ਵਿੱਚ
ਹੁਣ ਤੂੰ ਨਹੀਂ
ਪਰ ਇਸ ਸੁੰਦਰ ਬ੍ਰਹਿਮੰਡ ਦੀ
ਜੀਵਨ ਦੇਂਦੀ ਨਿੱਘੀ ਕੁੱਖ ਵਿਚ
ਤੂੰ ਤੇ ਅਸੀਂ ਹਾਂ
ਕੋਲ ਕੋਲ ...

## ਮੁੱਕਣ ਮਗਰੋਂ

ਡੁਬਦੇ ਦਿਨ ਦਾ ਸੂਰਜ ਬਣ ਜਾਏ
ਚੰਦਰਮਾ ਦਾ ਚਾਨਣ
ਦਿਲ ਨੂੰ ਪਰਤੇ ਲਹੂ ਦੀ ਗਰਦਿਸ਼
ਬਣ ਜਾਏ ਅਗਲੀ ਧੜਕਣ
ਨਿਰਗੁਣ ਮੁੜ ਕੇ ਸਰਗੁਣ ਬਣ ਜਾਏ
ਸਰਗੁਣ ਪਰਤ ਕੇ ਨਿਰਗੁਣ

ਅੰਦਰ ਆਉਂਦਾ ਸਾਹ ਬਣ ਜਾਵੇ
ਬਾਹਰ ਜਾਂਦਾ ਸਾਹ
ਸੁਫ਼ਨਈ ਅੱਖਾਂ ਵਿਚ ਸਮਾਵੇ
ਸਰਦਲ ਮੁੱਕਿਆ ਰਾਹ
ਆਪ ਵੀ ਧਰਤ ਬਨਸਪਤ ਹੋ ਜਾਏ
ਧਰਤ ਵਸੀ ਵਰਖਾ

## ਕਬਰ ਦਾ ਫ਼ੁੱਲ

ਫੁੱਲ ਤੋੜ ਕੇ
ਕਬਰ ਤੇ ਰੱਖਾਂ
ਮੋਈ ਸ਼ਰਧਾ ਖਾਤਰ
ਜਿਊਂਦੇ ਨੂੰ ਮੋਇਆ ਕਰ ਦਾਂ

ਮੋਇਆ ਕਦੇ ਨਾ ਜਾਣੇ
ਜਿਹੜਾ ਅਦਬ ਦਿਆਂ
ਜੋ ਜਿਊਂਦਾ ਹੈ
ਉਸਦਾ ਆਦਰ ਨਾ ਕਰਾਂ

ਜੇ ਏਨ੍ਹਾਂ ਹੱਥਾਂ 'ਚੋਂ
ਕਬਰ ਤੇ ਬੂਟਾ ਲੱਗੇ
ਮੋਇਆ ਸੱਜਣ ਸ਼ਾਇਦ
ਮੁੜ ਕੇ ਜੀਅ ਉੱਠੇ ...

## ਮਿੱਟੀ ਮਾਂ

ਫੁੱਲਾਂ ਦੇ ਬੂਟੇ ਬੀਜਣ ਲਈ
ਘਾਹ ਪੁਟਦਾ ਹਾਂ
ਜੜ੍ਹਾਂ ਨਾਲ ਮਿੱਟੀ ਵੀ ਆਵੇ
ਮਿੱਟੀ ਮਾਂ ਹੈ
ਆਪਣਾ ਬੱਚਾ
ਹੱਥਾਂ 'ਚੋਂ ਛਡਣਾ ਨਾ ਚਾਹੇ

ਮੈਂ ਮਿੱਟੀ ਨੂੰ ਝਾੜ ਦਿਆਂ
ਮਿੱਟੀ 'ਚੋਂ ਮੁੜ ਉੱਗੇ ਘਾਹ
ਹੋਰ ਵੀ ਬੂਟੇ

ਕੇਹੀ ਮਾਂ ...

ਭਾਵੇਂ ਲੱਖਾਂ ਵਾਰੀ ਬੱਚਾ ਹੱਥੋਂ ਜਾਵੇ
ਪਰ
ਜੰਮਣ ਦੀ ਤਾਂਘ
ਨਾ ਕਦੇ ਗੁਆਵੇ ...

## ਅੰਕੁਰ

ਅੰਕੁਰ ਅੱਖ ਖੋਲ੍ਹੇ
ਡਰ ਜਾਵੇ

ਏਸ ਖੁਰਦਰੀ ਧਰਤੀ ਵਿੱਚੋਂ
ਬਾਹਰ ਔਂਦਿਆਂ
ਕਿਵੇਂ ਬਚੇਗਾ ?

ਸਿਰ ਚੁੱਕੇ
ਤਾਂ ਜਾਣੇ

ਧਰਤੀ
ਰਾਹ ਦੀ ਰੋਕ ਨਹੀਂ
ਧਰਤੀ ਹੀ
ਅੰਕੁਰ ਦਾ ਰਾਹ ...

# ਬੀਅ ਜਾਗਦਾ

ਬੀਅ ਵਾਂਗ
ਮੈਂ ਜਾਗਦੇ ਰਹਿਣਾ ...

ਲੂਆਂ ਵਾਅ-ਵਰੋਲੇ ਵਿਚ
ਬਰਫ਼ਾਂ ਵਿੱਚ
ਨੇਰ੍ਹੇ ਚਾਨਣ ਧੁੰਦਲਕੇ ਵਿੱਚ

ਦਿਹੁੰ ਮਹੀਨੇ
ਸਾਲ ਸੈਂਕੜੇ
ਕਾਹਲ ਨਾ ਕਰਨੀ
ਆਸ ਨਾ ਛਡਣੀ
ਨਾ ਹੀ ਜੰਮਣੋਂ ਪਹਿਲਾਂ
ਮਰਨੇ ਦਾ ਭੈਅ ਰਖਣਾ

ਜਿਹੜੇ ਵੀ ਪਲ
ਧਰਤੀ ਕੁੱਖ
ਗਰਭ ਹਨੇਰਾ
ਨਿੰਮ੍ਹਾ ਨਿੰਮ੍ਹਾ ਸੇਕ ਤੇ
ਥੋੜ੍ਹੀ ਨਮੀ ਮਿਲੀ
ਓਸੇ ਪਲ ਹੀ ਉੱਗ ਜਾਣਾ
ਮੈਂ ਬੂਟਾ ਬਣ ਜਾਣਾ
ਫੁੱਲ ਹੋ ਜਾਣਾ ...

ਭਾਵੇਂ
ਨਿਮਖ ਲਈ ...

# ਹੋਣਾ

'ਹੋਣਾ' ...
ਇਸਨੂੰ ਕਹਿੰਦੇ ...?

ਥੱਕ ਗਿਆ ਹਾਂ
ਉਸ ਤੋਂ
ਜੋ ਵੀ ਹਾਂ ਮੈਂ

ਬੀਅ ਹਾਂ ਮੈਂ
ਬੰਦ ਖੋਲ ਵਿਚ
ਖੋਲ ਦੇ ਅੰਦਰ
ਤੜਫ਼ੇ ਉਹ
ਜਿਹੜਾ ਰੁੱਖ ਹੋ ਸਕਦਾ ...

ਰੁੱਖ ਹੋਏ ਬਿਨ
ਮੇਰੇ ਬੀਅ ਨੂੰ
ਚੈਨ ਨਾ ਆਉਣਾ

ਜਦ ਰੁੱਖ ਹੋਇਆ
ਹੋਰ ਬੀਆਂ ਨੂੰ ਜੰਮੇ ਬਾਝੋਂ
ਸਬਰ ਨਾ ਆਉਣਾ

ਉਨ੍ਹਾਂ ਬੀਆਂ ਨੂੰ ਆਪੋ ਆਪਣਾ
ਰੁੱਖ ਹੋਏ ਬਿਨ ਸਿਦਕ ਨਾ ਹੋਣਾ ...

ਜੋ ਵੀ ਹੋਵਾਂ
ਉਸ ਤੋਂ ਮਗਰੋਂ ਜੋ ਹੋ ਸਕਦਾਂ
ਓਸ ਲਈ ਬੇਚੈਨ ਰਹਾਂਗਾ ...

'ਹੋਣਾ' -
ਇਸ ਹੋਣੀ ਨੂੰ ਕਹਿੰਦੇ ... ?

# ਭੁੱਜੇ ਦਾਣੇ

ਭੁੱਜੇ ਦਾਣੇ ਮੂੰਹ ਵਿੱਚ ਪਾਵਾਂ
ਮਿੱਠੇ ਲੱਗਣ
ਭੁੱਖ ਮਿਟੇ
ਤ੍ਰਿਸ਼ਨਾ ਵੀ ਮਿਟਦੀ

ਭੁੱਜਿਆ ਦਾਣਾ
ਹੁਣ ਉੱਗਣ ਜੋਗਾ ਨਾ ਰਹਿਆ
ਨਾ ਹੀ ਇਸਨੂੰ ਪੰਛੀ ਖਾਵੇ
ਭੁੱਜਿਆ ਦਾਣਾ
ਕੇਵਲ ਮੇਰੀ ਭੁੱਖ ਜੋਗਾ ਹੈ

ਮੇਰੀ ਭੁੱਖ ਦੀ ਅੱਗ ਵਿੱਚ
ਉੱਗਣ ਜੋਗੇ ਮਰ ਜਾਂਦੇ
ਭੁੱਖ ਦੀ ਅੱਗ ਵਿੱਚ ਮੈਂ ਵੀ
ਉੱਗਣ ਜੋਗ ਨਾ ਰਹਿੰਦਾ

ਭੁੱਜੇ ਦਾਣੇ ਨਾਲ
ਉਦਰ ਦੀ ਅਗਨੀ ਬੁੱਝੇ
ਛਾਤੀ ਦੀ ਬਲ ਜਾਵੇ
ਧੁਖ਼ਦੇ ਸੁਪਨੇ ਸੋਚਾਂ ਹਾਵੇ

ਮੇਰੇ ਸੁਪਨੇ ਸੋਚਾਂ ਯਾਦਾਂ
ਭੁੱਜੇ ਦਾਣੇ
ਮੇਰੇ ਬਾਝੋਂ
ਹੋਰ ਕਿਸੇ ਦੇ ਕੰਮ ਨਾ ਆਵਣ

ਭੁੱਖ ਦੀ ਖਾਤਰ ਅੰਨ ਉਗਾਵਾਂ
ਕਿਹੜੇ ਰੱਬ ਨੂੰ ਭੁੱਖ ਲੱਗੀ ਸੀ
ਜੋ ਮੈਂ ਦਾਣੇ ਵਾਂਗੂੰ ਉੱਗਿਆ
ਭੁੱਜਿਆ
ਜਿਸਦੀ ਭੁੱਖ ਵਿੱਚ ਮਰ ਜਾਵਾਂਗਾ ... ?

# ਨਦੀਨ

ਮੈਂ ਨਦੀਨ ਪੁੱਟ ਦੇਵਾਂ
ਬੂਟੇ ਫੁੱਲ ਲਗਾਉਣ ਲਈ
ਬਚਾਉਣ ਲਈ ...

ਫੁੱਲਾਂ ਵਾਂਗ ਨਦੀਨ ਵੀ ਜੀਵੇ ਜਾਗੇ
ਪਰ ਮੈਨੂੰ ਚੰਗਾ ਨਾ ਲੱਗੇ
ਉਸ ਉੱਤੇ ਮੇਰੀ ਮਰਜ਼ੀ ਦੇ
ਫੁੱਲ ਨਾ ਉੱਗੇ
ਘਾਹ ਵਾਂਗੂੰ ਉਹ ਪੈਰਾਂ ਥੱਲੇ
ਚੁਪ ਚਾਪ ਨਾ ਆਵੇ
ਕੰਡੇ ਚੋਭੇ ਜੜ੍ਹ ਨੂੰ ਏਨਾ ਡੂੰਘਾ ਲਾਵੇ
ਬਹੁਤ ਔਖੀ ਪੁੱਟੀ ਜਾਵੇ

ਪੰਛੀ ਅਤੇ ਪਤੰਗੇ ਆਣ
ਬੈਠ ਨਦੀਨੇ
ਸੂਹੇ ਫੁੱਲ ਪਲੋਸਣ
ਰਸ ਦੀ ਦੱਖਣਾ ਪਾਣ

ਉੱਗੇ ਫੁੱਲ ਤਰਤੀਬ 'ਚ
ਕੱਟਿਆ ਘਾਹ
ਤਰਾਸ਼ੀ ਝਾੜੀ ਮੇਰੀ
ਸਭਿਅਤ ਅੱਖ ਨੂੰ ਚੰਗਾ ਲਗਦਾ
ਫੁੱਲਾਂ ਖਾਤਰ ਪੁੱਟ ਨਦੀਨ
ਹਿੰਸਕ ਨਹੀਂ ਮੈਂ ਸਭਿਅਤ ਲਗਦਾ

ਹਿੰਸਕ ਜਿਹਾ ਨਦੀਨ ਜੋ ਉੱਗਿਆ
ਇਸ ਮਨ ਅੰਦਰ
ਉਸ ਤੇ ਵਾਹ ਨਾ ਚਲਦੀ
ਜਿਹੜਾ ਬਾਹਰ ਉੱਗਿਆ ਉਸਨੂੰ
ਪੁੱਟ ਕੇ ਕਰਾਂ ਤਸੱਲੀ ...

# ਆਪੇ ਹੀ

ਵਗੇ ਹਨੇਰੀ ਪੱਤਾ ਟੁੱਟੇ
ਡਾਲੀ ਵਿੱਚੋਂ ਵਗਿਆ ਹੰਝੂ
ਰੁੱਖ ਦੇ ਚਰਣੀਂ ਜਾ ਡਿੱਗੇ

ਰੁੱਖ ਦਾ ਪਾਣੀ
ਆਪਣੀਆਂ ਹੀ ਜੜ੍ਹਾਂ ਨੂੰ ਲੱਗੇ
ਪਿੰਡੇ ਸਿੰਮੇ ਉੱਪਰ ਉੱਠੇ
ਫੁੱਲ ਬਣੇ
ਮਸਤਕ ਵਿੱਚ ਉੱਗੇ

ਟੁੱਟਾ ਪੱਤਾ ਧਰਤੀ ਲੱਗੇ
ਰੇਹ ਬਣੇ
ਮਿੱਟੀ ਵਿੱਚ ਰਿੱਧੇ
ਜੜ੍ਹ ਗਲ਼ ਲੱਗੇ
ਜਿਸਮ ਘੁਲੇ
ਪੱਤਾ ਬਣ
ਓਸੇ ਰੁੱਖ ਤੇ ਉੱਗੇ

ਰੁੱਖ ਆਪੇ ਹੀ
ਮਰ ਮਰ
ਆਪਣੇ ਆਪ ਨੂੰ ਜੰਮੇ ...

ਆਪਣੀ ਪੀੜ ਹੀ ਫੁੱਲ ਬਣੇ
ਆਪਣੇ ਮਸਤਕ ਮੌਲ਼ੇ
ਮਹਿਕਾਂ ਬਣ ਬਣ ਡੁਲ੍ਹੇ
ਟਾਹਣ ਹੋ ਹੋ ਝੁੱਲੇ ....

## ਬਾਗ

ਵੇਲਾ ਸੀ ਕੋਈ ...

ਫੁੱਲ ਖਿੜਣੇ
ਮੈਂ ਖੁਸ਼ਬੋ ਖੁਸ਼ਬੋ ਹੋਣਾ
ਖੁਸ਼ਬੋ ਵਾਂਗੂੰ ਮੇਰੀ ਚੁੰਨੀ ਉੱਡਣਾ
ਹਿਲਦੇ ਫੁੱਲ ਗੱਲਾਂ ਕਰਦੇ ਮੈਂ
ਫੁੱਲਾਂ ਵਾਂਗੂੰ ਹਿਲਣਾ
ਪੀਂਘ ਝੂਲਣੀ
ਮੈਂ ਪੀਂਘ ਤੋਂ ਪਾਰੀਂ ਉੱਡਣਾ
ਹਰ ਫੁੱਲ ਪੱਤੀ ਸੁਰਾਂ ਜਿਹੀ
ਭੌਰੇ ਦੀ ਬੰਸੀ ਵਜਦੀ
ਨਾਲੇ ਵਜਦੀ ਪੈਰ ਦੀ ਝਾਂਜਰ ...

ਰੁੱਤ ਬਦਲੀ
ਮੈਂ ਬਾਗੀਂ ਨਾ ਜਾਵਾਂ ਭਾਵੇਂ
ਮਨ ਹਾਲੇ ਵੀ ਬਾਗੀਂ ਰਹਿੰਦਾ

ਅਗਲੀ ਰੁੱਤੇ
ਜਾਣ ਜਾਣ ਕਰਦਾ ਹੋਇਆ ਵੀ
ਮਨ ਭੈੜਾ ਕਿਧਰੇ ਨਾ ਜਾਵੇ

ਹੋਰਾਂ ਵਾਂਗੂੰ ਇਹ ਰੁੱਤ ਵੀ ਤੁਰ ਜਾਵੇ
ਤਨ ਦੇ ਅੰਦਰ ਬਾਗ ਆ ਵੱਸੇ
ਬਿਹਬਲ ਮਨ ਨਾ ਅਜੇ ਵਿਹਾਵੇ ...

ਹੁਣ ਉਡੀਕਾਂ
ਅੰਤਮ ਰੁੱਤ ਨੂੰ
ਐਸੀ ਰੁੱਤ ਨੂੰ ...

ਤਨ ਤੇ ਮਨ ਇੱਕੋ ਹੋ ਜਾਵੇ
ਅੰਤਰ ਬਾਹਰ
ਬਾਗ ਬਾਗ ਹੋ ਜਾਵੇ ...

# ਝਾੜੀ

ਜਦ ਵੀ ਝਾੜੀ ਹੇਠੋਂ ਲੰਘਦਾ
ਸਿਰ ਖਾਤਰ
ਸਿਰ ਨੀਵਾਂ ਕਰਨਾ ਪੈਂਦਾ

ਜੀਅ ਕਰੇ
ਝਾੜੀ ਵੱਢ ਸੁੱਟਾਂ
"ਮੈਂ" ਦੇ ਰਾਹ ਵਿਚ ਖੜੀ
ਰੁਕਾਵਟ ਕੱਢ ਸੁੱਟਾਂ

ਜਦ ਵੀ ਚੁੱਕਾਂ ਆਰੀ
ਏਹੋ ਜਾਪੇ
ਹਰ ਵਾਰੀ ...

ਝਾੜੀ ਮੇਰੇ ਆਉਣ ਤੋਂ ਪਹਿਲਾਂ ਸੀ ਏਥੇ
ਮੇਰੇ ਨਾ ਹੋਵਣ ਮਗਰੋਂ ਵੀ ਹੋਣੀ ਏਥੇ
ਉਹ ਮੇਰੇ ਨਹੀਂ
ਮੈਂ ਹੀ ਉਹਦੇ ਰਾਹ ਵਿੱਚ ਆਇਆ ...

ਸਾਰੀ ਸਰਦੀ
ਕਸ਼-ਮ-ਕਸ਼ ਵਿੱਚ ਬੀਤੀ ...

ਚੜ੍ਹਿਆ ਚੇਤਰ
ਸੋਹਣੇ ਫੁੱਲਾਂ ਨਾਲ ਭਰੀ
ਝਾੜੀ ਮਹਿਕੀ

ਹੁਣ ਜਦ ਝਾੜੀ ਕੋਲੋਂ ਲੰਘਾਂ
ਸਿਰ ਆਪੇ ਝੁਕ ਜਾਵੇ ...
ਹਰ ਝਾੜੀ ਰੁੱਖ ਬੂਟੇ ਉੱਤੇ
ਫੁੱਲ ਦਿਸੇ
ਹਰ ਰੁੱਤੇ ...

# ਬਹਾਰ

ਸਰਦੀ ਗਈ
ਮੁੜੀ ਬਹਾਰ

ਬਰਫ਼ਾਂ ਹੇਠਾਂ ਲੁੱਕਿਆ ਪਿੰਡਾ
ਸੜਕ ਨੇ ਕੀਤਾ ਨੰਗਾ
ਸਾਂਭ ਸਾਂਭ ਰੱਖੇ ਫੁੱਲ ਪੱਤੇ
ਰੁੱਖਾਂ ਰੁੱਤ ਦੇ ਸਾਹਵੇਂ ਅਰਪੇ
ਹੱਥ ਵਿਚ ਫ਼ੜਿਆ
ਧਰਤੀ ਨੇ ਗੁਲਦਸਤਾ ਘਾਹ ਦਾ

ਨਦੀ ਦੀ ਛਾਤੀ ਦੁੱਧ ਭਰ ਆਇਆ
ਹਵਾ ਦੇ ਸਾਹੀਂ ਨਿੱਘ ਮੁੜ ਆਇਆ


ਭੋਰਿਆਂ ਵਿਚੋਂ ਸਹੇ ਤੇ ਗਾਲ੍ਹੜ
ਜੰਗਲ ਵਿਚੋਂ ਹਿਰਨ ਤਿਤਲੀਆਂ
ਅਸਮਾਨੋਂ ਪਰਵਾਸੀ ਪੰਛੀ
ਘਰਾਂ 'ਚੋਂ ਬੰਦੇ
        ਬਾਹਰ ਆ ਗਏ
ਹਾਸੇ ਖੇਡੇ ਲੁੱਕਣ ਮੀਟੀ
ਕੁਰਸੀ ਦਰੀ ਪਤੰਗ ਖਿਡੌਣੇ
ਨਿੱਕੇ ਸਾਈਕਲ ਬਾਹਰ ਆ ਗਏ

ਬਾਹਰ ਆਏ
ਬਹਾਰ ਹੋਏ ...

# ਏਥੇ ਹੀ ਹੈ

ਪੋਹ ਮਾਘ ਦੀ ਸੁੱਤੀ ਬਰਫ਼
ਜਾਗ ਪਈ   ਹੁਣ ਪੰਘਰ ਗਈ
ਆਉਣ ਆਉਣ ਨੂੰ ਕਰਦਾ ਸੂਰਜ
ਆ ਹੀ ਢੁੱਕਿਆ
ਸੂਰਜ ਦੇ ਗਲ ਲੱਗਾ
ਘਾਹ ਮੁੜ ਹਰਾ ਹੋ ਗਿਆ
ਔਸ ਤਲਾਅ ਤੇ ਆਣ ਉਤਰਿਆ
ਪਰਵਾਸੀ ਪੰਛੀ ਦਾ ਜੋੜਾ
ਸਾਮ੍ਹਣੇ ਰਹਿੰਦਾ 'ਕੱਲ੍ਹਾ ਬੁੱਢਾ
ਵਰ੍ਹੇ ਛਿਮਾਹੀਂ ਮਿਲਣੇ ਵਾਲੇ ਪੁੱਤ ਪੋਤੀ ਲਈ
ਘਰ ਨੂੰ ਹੂੰਝੇ
ਪਿਛਲੀ ਰੁੱਤੇ ਵਿਧਵਾ ਹੋ ਗਈ ਕੁੜੀ ਨੇ
ਖੋਲ੍ਹੀ ਫੇਰ ਕਿਤਾਬ
ਅੱਜ ਵੀ ਕਿਧਰੇ ਜੰਗ ਲੱਗੀ
ਲੋਕ ਮਰ ਰਹੇ
ਜਿਉਂਦੇ ਰਹਿਣ ਨੂੰ ਲੜ ਵੀ ਰਹੇ ...
ਹੱਥੋਂ ਛੁੱਟਿਆ
ਜੀਣ ਦਾ ਵੇਲਾ
ਏਥੇ ਹੀ ਸੀ

ਅੱਜ ਮੁੜ ਲੱਭਾ ...



# ਮਾਇਆ

ਤੇਰੇ ਬਾਝੋਂ   ਜੀਣ ਅਧੂਰਾ ਲਗਦਾ
ਤੂੰ ਆਉਂਦੀ ਤਾਂ ਅੱਧੀ ਰਾਤੇ ਚਾਨਣ ਹੁੰਦਾ
ਰੋਗ ਅਵੱਲਾ ਵੱਲ ਹੋ ਜਾਂਦਾ
ਚੁੱਪ ਬਨੇਰਾ ਬੋਲਣ ਲਗਦਾ

ਹੁਣ ਉਹ ਦਰਸ਼ਨ ਨਹੀਂ ਰਿਹਾ ...

ਹੁਣ ਸਾਡੇ ਵਿਚਕਾਰ
ਰਿਹਾ ਨਹੀਂ ਉਹ ਫ਼ਾਸਲਾ
ਜਿਹੜਾ ਐਸੀ ਦ੍ਰਿਸ਼ਟੀ ਦੇਵੇ

ਹੁਣ ਹਾਂ ਅਸੀਂ ਇਕੱਠੇ
ਏਨੀ ਨੇੜੇ ਜਿਥੋਂ
ਪੜ੍ਹਣ ਦੀ ਕੋਸ਼ਿਸ਼ ਵਿੱਚ ਪੁਸਤਕ ਦਾ
ਅੱਖਰ ਅੱਖਰ ਧੁੰਦਲਾਅ ਜਾਵੇ
ਅੱਖ ਨਿਰੋਗੀ ਹੁੰਦਿਆਂ ਵੀ ...

ਪਰਤ ਜਾਵਾਂ ਮੈਂ ਆਪਣੇ ਅੰਦਰ
ਤੂੰ ਵੀ ਮੁੜ ਜਾਏਂ ਆਪਣੇ ਅੰਦਰ
ਇਵੇਂ ਕੀਤਿਆਂ ਸ਼ਾਇਦ
ਪਰਤ ਹੀ ਆਵੇ
ਉਹੋ ਫ਼ਾਸਲਾ ਜਿਹੜਾ
ਓਹੀਓ ਦ੍ਰਿਸ਼ਟੀ ਮੋੜ ਲਿਆਵੇ

ਜੇ ਇਉਂ ਦਿਸਣਾ ਮਾਇਆ ਹੈ ਤਾਂ
ਮਾਇਆ ਨੂੰ ਹੀ ਜੀਅ ਲਈਏ

ਕਹਿੰਦੇ ਨੇ
ਭੇਤ ਮਾਇਆ ਦਾ ਖੁਲ੍ਹ ਜਾਵੇ ਜਦ
ਉਸਨੂੰ ਜੀਣਾ ਖੇਡ ਹੋ ਜਾਵੇ ਐਸੀ
ਜਿਸ ਵਿੱਚ
ਦੁੱਖ ਸੁੱਖ ਦੂਰ ਨੇੜ
ਨਾ ਰਹਿੰਦੀ ...

# ਕਦੇ ਤਾਂ ਮਿਲੀਏ

ਕਦੇ ਤਾਂ ਮਿਲ਼ੀਏ ...

ਰਹੀਏ ਦਿਨ ਭਰ ਨਾਲ਼ੋ ਨਾਲ਼
ਉੱਡਣ ਦੇਈਏ ਮਨ ਨੂੰ ਤਨ ਨੂੰ
ਦੂਰੋਂ ਸਿਰਫ਼ ਉਡਾਰੀ ਤੱਕੀਏ

ਜਿਥੇ ਵੀ ਜੀਅ ਆਵੇ    ਜਾਈਏ
ਜਿਥੇ ਜੀਅ ਆਵੇ    ਰਹਿ ਜਾਈਏ
ਜਿਹੜੀ ਵੀ ਭੁੱਲ ਹੋਵੇ    ਕਰੀਏ
ਜਿਹੜਾ ਚੇਤਾ ਆਵੇ    ਸੁਣੀਏ
ਜੋ ਜੀਅ ਆਵੇ    ਕਹੀਏ
  ਕੂੰਜਾਂ ਤੱਕ ਕੇ
  ਦੁਖੜਾ ਝੱਲ ਕੇ
  ਜਲ ਵਿੱਚ ਭਿੱਜ ਕੇ
  ਇੱਕ ਦੂਜੇ ਤੋਂ ਖਿੱਝ ਕੇ ...

ਸੁਣੀਏ  ਇੱਕ ਦੂਜੇ ਦੀ
ਜੀਕਰ  ਮਾਂ ਸੁਣਦੀ ਬੱਚੇ ਦੀ
ਜਿਸ    ਸਭ ਗ਼ਲਤ ਹੀ ਕੀਤਾ
ਪਰ    ਚਿਰ ਮਗਰੋਂ ਘਰੇ ਪਰਤਿਆ

ਢਲ਼ਣ ਤੀਕ ਪਰਛਾਵੇ ਸ਼ਾਇਦ
ਸਾਡੇ ਅੰਦਰੋਂ
ਜਾਗ ਪਵੇ ਉਹ ਬੱਚਾ ਜਿਹੜਾ
ਡੇਗੇ ਦੇ ਕੇ ਧੱਕਾ
ਫਿਰ ਵੀ  ਘੜੀ ਕੁ ਮਗਰੋਂ
ਬੂਹੇ ਲੱਗ ਖਲੋਵੇ
ਪੁੱਛੇ ...
... ਖੇਡਣ ਚੱਲੀਏ ... ?

ਕਦੇ ਤਾਂ ਮਿਲੀਏ ...



# ਕਦੇ ਨਾ ਮਿਲਦੇ

ਰੋਜ਼ ਰਾਤ ਨੂੰ ਲੱਭਾਂ ਨੀਂਦਰ
ਨੇੜ੍ਹੇ ਚੁੱਪ ਉਡੀਕਾਂ
ਜਦ ਨੂੰ ਨੀਂਦਰ ਆਪਣੇ
ਕੰਮੋਂ ਕਾਰੋਂ ਵਿਹਲੀ ਹੋਵੇ
ਮੇਰੀਆਂ ਅੱਖਾਂ ਮੀਟੀਆਂ ਜਾਣ
ਅਸੀਂ ਕਦੇ ਨਾ ਮਿਲ਼ਦੇ ...

ਦਿਨ ਚੜ੍ਹੇ
ਸਭ ਚਾਨਣ ਚਾਨਣ
ਚਾਨਣ ਸਦਕਾ ਸਭ ਕੁਝ ਦਿੱਸੇ
ਲੱਭਾਂ ਦੇਖਣ ਵਾਲੀ ਅੱਖ
ਸ਼ੀਸ਼ੇ ਟੋਲਾਂ ਪਾਣੀ ਟੋਲਾਂ ਲੱਭੇ ਅੱਖ ਪਰਛਾਵਾਂ
ਅੱਖ ਕਦੇ ਨਾ ਦਿੱਸੇ
ਮੈਂ ਤੇ ਅੱਖ ਇਕੱਠੇ  ਪਰ ਨਾ ਮਿਲਦੇ ...

ਸਿਖਰ ਦੁਪਹਿਰਾ
ਸੂਰਜ ਲੱਭਾਂ
ਸਿਰ ਚੁੱਕਾਂ ਅੱਖ ਮੀਟੀ ਜਾਵੇ
ਚੜ੍ਹਿਆ ਸੂਰਜ ਹੋਏ ਅਲੋਪ
ਮੈ ਸੂਰਜ ਨਾ ਮਿਲਦੇ ...

ਸ਼ਾਮ ਪਵੇ
ਤੂੰ ਆਵੇਂ
ਚਾਰ ਚੁਫ਼ੇਰੇ ਪੱਸਰ ਜਾਵੇਂ
ਮੈਨੂੰ  ਆਪਣਾ ਆਪਾ ਵਿਸਰੇ
ਮੈਂ ਨਾ ਰਹਿੰਦਾ
ਤੂੰ ਹੀ ਤੂੰ ਰਹਿ ਜਾਵੇਂ
ਆਪਾਂ
ਕਦੇ ਨਾ ਮਿਲ਼ਦੇ ....

# ਨਦੀ ਤੇ ਕੰਢਾ

ਨਦੀਏ ਨੀ !
ਮੈਂ  ਕੰਢੇ ਨੇ
ਤੈਨੂੰ ਆਪਣੀਆਂ ਬਾਹਾਂ ਵਿੱਚ
ਸਾਂਭ ਲਿਆ ਹੈ

ਤੇਰੀ ਡੂੰਘਾਈ –
ਮੇਰੀ ਉਚਾਈ –
ਇੱਕ ਦੂਜੇ ਦੇ ਉਲਟ ਨਹੀਂ
ਇੱਕ ਦੂਜੇ ਵਿੱਚ ਵਾਧਾ ਕਰਦੇ

ਜੁੜ ਕੇ ਰਹੀਏ ਆਪਾਂ
ਫਿਰ ਵੀ
ਤੂੰ ਮੇਰੇ ਵਿੱਚ ਗੁੰਮ ਨਾ ਜਾਵੇਂ
ਮੈਂ ਤੇਰੇ ਵਿੱਚ ਖੁਰ ਨਾ ਜਾਵਾਂ
ਤੇਰੀ ਮੇਰੀ ਹਸਤੀ
ਤਦ ਹੀ ਬਚਦੀ

ਬੇਸ਼ਕ ਵੇਖਣ ਨੂੰ ਇਹ ਜਾਪੇ
ਤੂੰ ਵਗਦੀ
ਮੈਂ ਖੜਾ ਖੜੋਤਾ
ਪਰ ਜਦ ਕੱਠੇ ਰਹਿੰਦੇ
ਆਪਾਂ ਦੋਵੇਂ ਹੀ
ਸਾਗਰ ਅੱਪੜ ਜਾਂਦੇ ...

# ਛੋਹ

ਹਾਲੇ ਰੱਜ ਕੇ ਤਾਂ
ਨਹੀਂ ਛੋਹਿਆ
ਪਰ ਮੈਂ ਤੈਨੂੰ
ਜਿੰਨਾ ਜਿੰਨਾ ਛੋਹਾਂ
ਓਨਾ ਓਨਾ ਸਾਂਭੀ ਜਾਵਾਂ

ਜਦੋਂ ਚਲਾ ਜਾਵੇਂਗਾ
ਰੋਜ਼ ਮੈਂ ਇੱਕ ਛੋਹ ਨੂੰ ਛੋਹਾਂਗੀ
ਰੋਜ਼ ਮੈਂ ਤੈਨੂੰ
ਛੋਹਾਂਗੀ

ਜਦੋਂ ਪਰਤ ਆਵੇਂਗਾ
ਤੈਨੂੰ ਛੋਹ ਕੇ ਮੈਂ ਉਹ ਸਭ
ਥਾਵਾਂ ਨੂੰ ਛੋਹਣਾ
ਜਿੰਨ੍ਹਾਂ ਨੂੰ ਤੂੰ
ਛੋਹ ਕੇ ਆਇਆ ਹੋਣਾ

ਮੈਨੂੰ ਛੋਹ ਕੇ ਤੂੰ
ਉਸ ਕੁੱਲ ਇਕੱਲ ਨੂੰ ਛੋਹੀਂ
ਜੋ ਮੈਨੂੰ ਛੋਹ ਨਹੀਂ ਸਕੀ
ਜਿਸਨੂੰ ਛੋਹਣ ਨਾ ਦਿੱਤਾ ਮੈਂ
ਤੇਰੇ ਜਾਣ ਦੇ ਮਗਰੋਂ ...

# ਉਚਾਈ

ਜਦ ਹਉਮੈ ਵਿੱਚ ਉੱਚਾ ਉੱਠਾਂ
ਆਪਣੀ ਬਾਂਹ ਨੂੰ ਵਿੱਥ ਬਣਾਵਾਂ
ਤੈਨੂੰ ਗਲ ਨਾ ਲਾਵਾਂ
ਹੱਥ ਚੁੱਕ ਵਰ ਹੀ ਦੇਵਾਂ

ਪਰ ਜੇ ਮੋਹ ਵਿੱਚ ਉੱਚਾ ਉੱਠਾਂ
ਚਾਨਣ-ਵਰ੍ਹਿਆਂ ਲੰਮੀ ਵਿੱਥ ਮੁੱਕ ਜਾਂਦੀ
ਅੱਖੀਆਂ ਮੇਰੀਆਂ ਰਹਿਣ
ਨਜ਼ਰ ਤੇਰੀ ਹੋ ਜਾਂਦੀ

ਖੁਸ਼ੀ 'ਚ ਉੱਚਾ ਉੱਠਾਂ ਤਾਂ ਭੁੱਲ ਜਾਵਾਂ
ਦੁਖ ਤੇ ਦੁਸ਼ਮਣ ਪਿਛਲੇ
ਤੇਰੇ ਚਾਅ ਵਿੱਚ ਜੀਅ ਉੱਠਿਆਂ
ਭੁੱਲ ਜਾਵਾਂ ਆਪਾਂ ਵਿਛੜੇ

ਜੇ ਮੈਂ ਆਸ ਬਿਗਾਸੀਂ ਉੱਠਾਂ
ਸਦੀਆਂ ਮਗਰੋਂ ਜਿਸ ਪਲ ਔਣਾ
ਏਸੇ ਪਲ ਜੀਅ ਲਾਂ

ਜੀਣ ਮਰਨ ਦੀ ਵਿੱਥ ਮੁੱਕ ਜਾਏ
ਜਦੋਂ ਆਸਥਾ ਉੱਚੀ ਕਰ ਲਾਂ

ਜਦ ਜਦ ਆਪਣਾ ਅੰਤਰ
ਉੱਚਾ ਉੱਠ ਜਾਂਦਾ
ਅਣੂ ਤੋਂ ਬ੍ਰਹਿਮੰਡ ਤੀਕਰ ਫ਼ੈਲੀ
ਸ੍ਰਿਸ਼ਟੀ ਅੰਦਰ
ਕੁਝ ਨਾ ਨਿਗੁਣਾ ਰਹਿੰਦਾ ...

# ਯੁਗ

ਓਸ ਦੁਆਲੇ
ਫੁੱਲ ਖਿੜਦੇ
ਦਰਿਆ ਵਗਦਾ    ਯੁੱਧ ਹੁੰਦਾ
ਉਹਨੂੰ ਪਤਾ ਨਾ ਲਗਦਾ
ਇਹ ਕਲਜੁਗ ਦੀ ਗੱਲ ਹੈ ...

ਫੇਰ ਓਸਨੇ
ਸੁੰਘੀ ਮਹਿਕ ਦੁਆਲੇ
ਸੁਣਿਆ ਯੁੱਧ ਗੂੰਜਦਾ
ਲੋਕ ਜਿਊਂਦੇ ਤੱਕੇ
ਇਹ   ਦੁਆਪਰ ਵੇਲਾ ...

ਉਸ ਤੋਂ ਮਗਰੋਂ
ਫੁੱਲ ਖੁਮਾਰੀ ਨਸ਼ਿਆ ਜਾਂਦਾ
ਨਦੀ ਵਹਾਅ ਲੈ ਜਾਂਦੀ    ਯੁੱਧ ਵਿੱਚ ਲੜਦਾ
ਕਰਮ ਕੀਤਿਆਂ ਆਪਣਾ ਆਪ ਜਿਊਂਦਾ ਲਗਦਾ
ਤ੍ਰੇਤੇ ਜੁਗ ਦੀ ਇਹ ਕਥਾ ...

ਹੁਣ
ਉਹ ਫੁੱਲ ਹੈ    ਆਪੇ ਮਹਿਕੇ
ਆਪ ਨਦੀ ਹੈ    ਆਪ ਵਗੇ
ਆਪ ਲੜੇ    ਹਰ ਵਾਰੀ
ਮਰਨੇ ਵਾਲ਼ੇ ਨਾਲ ਮਰੇ
ਘਟ ਘਟ ਕੇ ਅੰਤਰ ਕੀ ਜਾਣੇ
ਭਲੇ ਬੁਰੇ ਕੀ ਪੀਰ ਪਛਾਣੇ

ਹੁਣ ਉਸ ਅੰਦਰ ਸਤਜੁਗ ਹੋਇਆ ...

# ਜੇ ਮੈਂ ਰੱਬ ਹੋਵਾਂ

ਪੁਸਤਕ ਆਖੇ

ਪੰਦਰਾਂ ਅਰਬ ਸਾਲ ਪਹਿਲਾਂ
ਸ੍ਰਿਸ਼ਟੀ ਜੰਮੀ ਸੀ
ਸਾਢੇ ਚਾਰ ਅਰਬ ਸਾਲ
ਧਰਤੀ ਦੀ ਉਮਰਾ
ਸਾਢੇ ਕੁ ਤਿੰਨ ਅਰਬ ਸਾਲ ਹੋਏ
ਧਰਤੀ ਤੇ ਜੀਵਨ ਪੁੰਗਰੇ ਨੂੰ
ਸੱਠ ਕਰੋੜ ਵਰ੍ਹੇ ਪਹਿਲਾਂ
ਜੰਮੀ ਵਨਸਪਤੀ ਤੇ ਜਨਮੇ
ਪਾਣੀ ਅੰਦਰ ਜੰਤੂ ਜੀਵ
ਪੰਜਾਹ ਕਰੋੜ ਵਰ੍ਹੇ ਪਹਿਲਾਂ
ਉਪਜੀ ਰੀੜ੍ਹ ਦੀ ਹੱਡੀ
ਕਰੋੜ ਪੰਤਾਲੀ ਮੱਛ ਦੀ ਉਮਰਾ
ਸੈਂਤੀ ਕਰੋੜ ਵਰ੍ਹੇ ਡੱਡੂਆਂ ਦੀ
ਤੀਹ ਕਰੋੜ ਸਾਲਾਂ ਤੋਂ ਸੱਪ ਹਨ
ਪੱਚੀ ਕਰੋੜ ਵਰ੍ਹੇ ਤੋਂ ਉਹ ਹਨ
ਜੋ ਬਾਲਾਂ ਨੂੰ ਦੁੱਧ ਪਿਆਵਣ
ਦਸ ਕਰੋੜ ਵਰ੍ਹੇ ਪਹਿਲਾਂ ਕੁੱਖ ਉਪਜੀ
ਚਾਰ ਕਰੋੜ ਬਾਂਦਰ ਦੀ ਆਯੂ
ਤਿੰਨ ਕਰੋੜ ਵਰ੍ਹੇ ਪਹਿਲਾਂ
ਬੰਦਿਆਂ ਦੇ ਪਿੱਤਰ ਜਨਮੇ
ਪਹਿਲਾ ਬੰਦਾ ਹੋਇਆ
ਪੰਜਾਹ ਲੱਖ ਸਾਲ ਹੀ ਪਹਿਲਾਂ
ਸੋਲਾਂ ਲੱਖ ਵਰ੍ਹੇ ਪਹਿਲਾਂ
ਬੰਦਾ ਦੋ ਪੈਰਾਂ ਤੇ ਤੁਰਿਆ
ਦੋ ਕੁ ਲੱਖ ਵਰ੍ਹੇ ਪਹਿਲਾਂ ਦਾ
ਬੰਦਾ ਹੁਣ ਵਰਗਾ ਬੰਦਾ ਸੀ ...

## ਗ੍ਰੰਥ ਆਖਦੇ

ਲੱਖ ਚੁਰਾਸੀ ਜੂਨਾਂ ਵਾਲੀ
ਸਗਲ ਸ੍ਰਿਸ਼ਟੀ ਰੱਬ ਸੱਚੇ ਨੇ
ਛੇ ਦਿਨਾਂ ਵਿਚ ਰਚ ਦਿੱਤੀ
ਸੱਤਵੇਂ ਦਿਨ ਆਰਾਮ ਕਮਾਇਆ ...

ਜੇ ਮੈਂ ਰੱਬ ਹੋਵਾਂ
ਤਾਂ ਮੈਂ ਵੀ ...

ਸ੍ਰਿਸ਼ਟੀ ਰਚਦੇ
ਅਰਬਾਂ ਵਰ੍ਹੇ ਲਗਾਵਾਂ
ਸਾਲਾਂ ਬੱਧੀ ਪੱਤਾ ਪੱਤਾ ਵਾਹੀ ਜਾਵਾਂ
ਇੱਕ ਇੱਕ ਜੂਨ ਮਹੀਨੇ ਲਾਵਾਂ
ਕਈ ਦਿਨ ਇੱਕੋ ਰੰਗ ਡੁੱਬ ਜਾਵਾਂ

ਆਪਣੀ ਕੁੱਖ ਵਿੱਚ ਵੱਡੀ ਹੁੰਦੀ
ਰਚਨਾ ਦਾ ਰਸ ਘੁੱਟ ਘੁੱਟ ਪੀਵਾਂ
ਆਪੇ ਰਚ ਕੇ ਆਪੇ ਖੀਵਾਂ
ਤੱਕ ਤੱਕ ਮੰਤਰ ਮੁਗਧ ਹੋ ਜਾਵਾਂ

ਜਿੰਨੇ ਯੁਗ ਰਚਨਾ ਵਿੱਚ ਲੰਘਣ
ਓਨੀ ਰੱਬ ਦੀ ਅਉਧ ਹੋ ਜਾਵੇ
ਰੱਬ ਜਿਊਂਦਾ
ਓਨਾ ਚਿਰ ਹੀ ...

# ਕਸਤੂਰੀ

ਭਰਿਆ ਫਲ ਪਦਾਰਥ ਸੰਗ
ਰਸ ਰਸਨਾ ਵਿਚ ਭਰਿਆ
ਉਸਦਾ ਪਿੰਡਾ - ਪਿੰਡਾ ਹੀ ਸੀ
ਪ੍ਰੇਮੀ ਹੱਥਾਂ ਕੋਮਲ ਕਰਿਆ
ਲੈਅ ਫ਼ਿਜ਼ਾ ਖਾਲੀ ਵਿਚ ਗੂੰਜੀ
ਕੰਨਾਂ ਮਧੁਰ ਬਣਾਈ
ਫੁੱਲ ਦੀ ਮਹਿਕ ਉਦੋਂ ਹੀ ਮਹਿਕੀ
ਜਦ ਸਾਹਾਂ ਨੂੰ ਆਈ
ਰੰਗ ਸੂਰਜ ਦੇ ਸਿਰਫ਼ ਤਰੰਗਾਂ
ਅੱਖਾਂ ਕੀਤੇ ਮੋਹਣੇ
ਉਸਦੇ ਚੇਤੇ ਕਣ ਬਿਜਲੀ ਦੇ
ਪੀੜ ਨੇ ਕੀਤੇ ਸੋਹਣੇ

ਰਸਨਾ ਹੱਥਾਂ ਸਾਹਾਂ ਕੰਨਾਂ
ਅੱਖਾਂ ਨੂੰ ਕੀ ਸੋਝੀ ...

ਧਰਤੀ
ਨਾ ਸੁੰਦਰ ਨਾ ਕੋਝੀ

ਮਨ ਨਸ਼ਿਆਇਆ
ਜਿੱਥੋਂ ਜਿੱਥੋਂ ਲੰਘਦਾ ਜਾਵੇ
ਧਰਤੀ ਸੁੰਦਰ ਕਰਦਾ ਜਾਵੇ ...



# ਸੂਰਜ

ਸੂਰਜ ਸਾਕ ਸਬੰਧੀ ਹੋ ਘਰ ਸਾਡੇ ਆਵੇ
ਚਿੱਟਾ ਚਾਨਣ ਟਿੱਕਾ ਸਾਡੇ ਮੱਥੇ ਲਾਵੇ
ਨਾਲ ਲਿਆਵੇ ਸਗਣ-ਟੋਕਰੇ
ਇੱਕ ਟੋਕਰੇ ਨਿੱਘ ਸੁਖਾਲੀ
ਇੱਕ ਅੰਦਰ ਰੁੱਤਾਂ ਦਾ ਮੇਵਾ
ਇੱਕ ਵਿਚ ਨੇਤਰ ਦ੍ਰਿਸ਼ਟੀ
ਜਾਂਦਾ ਜਾਂਦਾ ਤਲ਼ੀ ਅਸਾਡੀ
ਚੂਕ ਚਿੜੀ ਦੀ
ਫੁੱਲ ਜੰਗਲ ਦੇ
ਗਗਨ ਨੀਲੱਤਣ
ਪੀਂਘ ਕੋਈ ਸਤਰੰਗੀ
ਰੱਖੇ ਤੇ ਮੁਸਕਾਵੇ ...

ਸਾਡੇ ਅੰਦਰ ਹਉਮਾ ਉੱਠੇ ...
ਅਸਾਂ ਨਹੀਂ ਸੱਦਿਆ ਸੂਰਜ ਨੂੰ
ਅਣਸੱਦੇ ਮਹਿਮਾਨਾਂ ਵਾਂਗੂੰ ਝੱਲੀਏ ਉਸਨੂੰ
ਉਸਦੇ ਜਾਂਦੇ ਸਾਰ ਅਸੀਂ
ਬੂਹੇ ਢੋ ਲਈਏ
ਪਲੋ ਪਲੀ ...

ਪਿੰਡੇ ਠੰਢਾਂ
ਕੰਨਾਂ ਅੰਦਰ ਸੁੰਵਾਂ ਲੱਥਣ
ਅੱਖਾਂ ਅੱਗੇ ਨੇਰ੍ਹਾ ਹੋਵੇ
ਓਦੋਂ ਅੱਖਾਂ ਖੁਲ੍ਹਣ ...

ਕਿਸਦਾ ਘਰ ਇਹ ਧਰਤੀ
ਏਥੇ ਕੌਣ ਪ੍ਰਾਹੁਣਾ
ਕੌਣ ਪਿਤਾ ਹੈ
ਕੌਣ ਹੈ ਮਾਤਾ
ਕੌਣ ਉਨ੍ਹਾਂ ਦਾ ਜਣਿਆ ...

# ਟਿਕੀ ਰਾਤ

ਟਿਕੀ ਰਾਤ ਵਿੱਚ
ਜੁਗਨੂੰ ਚਮਕਣ ਬੀਂਡੇ ਬੋਲਣ
ਪੁਲ ਫੁੱਲ ਤਾਰੇ ਜਾਗਣ
ਗੱਡੀ ਚਲਦੀ
ਝਰਨਾ ਡਿਗਦਾ
ਬੱਤੀ ਬਲਦੀ

ਟਿਕੀ ਰਾਤ ਵੀ
ਘਾਹ ਤੁਰਨੋਂ ਨਾ ਰੋਕੇ
ਭੱਠੀ ਚਾਹ ਰਿੰਨ੍ਹਣੋਂ ਨਾ ਝਿਜਕੇ
ਕਲਮ ਡਰੇ ਨਾ ਲਿਖਣੋਂ

ਟਿਕੀ ਰਾਤ ਮੈਂ
ਮੁੜ ਆਪਣੇ ਗਲ ਲੱਗਾਂ
ਵਰਜਿਤ ਯਾਦ ਪਲੋਸਾਂ
ਜੀਵਣ ਜੋਗ ਫ਼ਰੋਲਾਂ

ਟਿਕੀ ਰਾਤ ਵਿਚ ਮਾਂ ਸੌਂ ਜਾਵੇ
ਕੰਨ ਜਾਗਦੇ ਰਹਿਣ
ਪਿਤਾ ਵੀ ਸੌਂਦੇ
ਪੈਰ ਜਾਗਦੇ ਰਹਿਣ
ਯੋਧੇ ਸੌਂਦੇ
ਯੁੱਧ ਦੇ ਕਾਰਣ ਜਾਗਦੇ ਰਹਿਣ

ਟਿਕੀ ਰਾਤ ਵਿਚ ਲੋਕੀਂ ਚੁੱਪ ਹੋ ਜਾਣ
ਸੁਪਨੇ ਬੋਲਦੇ ਰਹਿਣ
ਨੀਂਦ ਚ' ਤੁਰਦੇ ਫਿਰਨ ਉਹ
ਜਿਹੜੇ
ਦਿਨ ਭਰ ਤੁਰਦੇ ਫਿਰਦੇ
ਸੁੱਤੇ ਰਹਿਣ ...

# ਸੋਹਿਲਾ

ਹੇ ਕੁਦਰਤ !
ਇਹ ਸੌਣ-ਸਮਾਂ ਹੈ
ਤਨ ਮਨ ਦਾ ...

ਤਨ - ਜੀਕਰ ਮੋਮਬੱਤੀ
ਹੱਥ ਧਰੀ ਜਾਵੇ
ਮਨ - ਜਿਉਂ ਬਲ਼ਦੀ ਲਾਟ
ਦਿੱਸੇ   ਚਮਕੇ
ਹੱਥ ਨਾ ਆਵੇ

ਰੈਣਾ
ਦੇਹ ਵਰਦਾਨ !
ਤਨ ਦੇ ਸੰਗ ਇਹ ਮਨ ਵੀ
ਨੇਰ੍ਹੇ ਵਿੱਚ ਸਮਾਵੇ !

ਸੋਚਾਂ ਪੀੜਾਂ ਪੈੜਾਂ ਯਾਦਾਂ
ਇੱਛਾਵਾਂ ਚਿੰਤਾਵਾਂ ਦੁਖੜੇ
ਸੁੱਖ ਸਲਾਹਵਾਂ ਤੇ ਕਲਪਨਾਵਾਂ
ਹੁਣ ਸਭਨਾਂ ਨੂੰ ਨੀਂਦ ਸੁਹਾਵੇ

ਬ੍ਰਹਿਮੰਡ ਅੰਦਰ ਪੱਸਰਿਆ
ਬੇਅੰਤ ਹਨੇਰਾ
ਮੇਰਾ-ਆਪਣਾ ਭੇਦ ਵਟਾਵੇ

ਭਿੰਨੀ ਰੈਣਾ
ਸੁੱਖ ਹਨੇਰਾ
ਸੁਰਤ ਦਾ ਚਾਨਣ
ਸਰਬੱਤ ਅੰਦਰ ਭਰ ਭਰ ਆਵੇ ...

# ਚੰਨ ਤੇ ਤਾਰੇ

ਨਿੱਖਰੀ ਨਿੱਖਰੀ ਰਾਤ
ਖਿੱਲਰੇ ਖਿੱਲਰੇ ਤਾਰੇ
ਖਿੜਿਆ ਖਿੜਿਆ ਚੰਨ

ਸੰਝ ਸਮੇਂ ਤੋਂ ਸੂਰਜ ਭਵਿਆ
ਪੱਛਮ ਦੇ ਪਰਦੇਸ

ਚੰਨ - ਰੱਜੀ ਮਾਂ
ਪੀੜ੍ਹੇ ਬੈਠੀ
ਆਪਣੀ ਆਪਣੀ ਖੇਡ ਖੇਡਦੇ
ਅੱਖ ਦੇ ਤਾਰੇ ਤੱਕਦੀ
ਅੱਖ ਰਖਦੀ ...
"ਬਹੁਤੀ ਦੂਰ ਨਾ ਨਿਕਲ਼ ਜਾਣ !"

ਚਾਨਣ ਦੁੱਧ ਭਰੀ ਛਾਤੀ ਵਿਚ
ਫੁੱਲੀ ਨਾ ਸਮਾਵੇ ...

"ਕੀ ਹੋਇਆ ਜੇ ਸੂਰਜ ਸਾਈਂ
ਅਜੇ ਨਾ ਮੁੜਿਆ ....
ਵਾਹ !
ਕਿੱਡਾ ਪਰਵਾਰ ਏ ਮੇਰਾ !
ਹੁਣ ਕਾਹਦਾ ਘਾਟਾ ਏ ਮੈਨੂੰ ...! "

## ਚੰਦ

ਰੋਜ਼ ਰਾਤ ਉਹ ਆਵੇ
ਚਾਨਣ ਵਿਛ ਜਾਵੇ

ਉਸਨੂੰ ਵੇਖਣ
ਇਸ ਕੰਢੇ
ਕਦੀ ਉਸ ਕੰਢੇ
ਮੈਂ ਉੱਛਲ ਉੱਛਲ ਜਾਵਾਂ

ਜਿੰਨਾ ਜਤਨ ਕਰਾਂ
ਓਹ ਓਨਾ
ਨਜ਼ਰੋਂ ਹੋਏ ਅਲੋਪ
ਹੱਥੋਂ ਛੁੱਟ ਛੁੱਟ ਜਾਵੇ

ਜਦੋਂ ਕਦੀ ਮੈਂ
ਚੁੱਪ
ਅਡੋਲ
ਆਪਣੀ ਥਾਵੇਂ ਟਿਕ ਜਾਂ

ਮੇਰੇ ਪਾਣੀ ਅੰਦਰ
ਆਪ ਚਮਕ ਜਾਵੇ
ਆਪੇ ਦਰਸ ਦਿਖਾਵੇ ...



# ਨਦੀ

੧

ਮਾਨਸਰੋਵਰ ਦੀ ਕੁੱਖ ਭਰਦੀ
ਪਾਣੀ ਜੰਮਦਾ
ਜਦ ਤੀਕਰ ਨਾ ਵਗਦਾ
ਪਾਣੀ
ਨਦੀ ਨਾ ਬਣਦਾ

੨

ਨਦੀ ਸ਼ਾਂਤ ਹੈ
ਭਰੀ ਹੋਈ ਹੈ

ਵਗਣ ਨਾਲ
ਖ਼ਾਲੀ ਹੋ ਜਾਣ ਦਾ
ਫ਼ਿਕਰ ਨਾ ਕਰਦੀ

ਰਹਿੰਦੀ ਭਰੀ ਨਦੀ
ਏਸੇ ਕਰਕੇ ਹੀ ... ?

੩

ਹਰ ਇਕ ਬੂੰਦ ਨਦੀ ਦੀ ਗੰਢੀ
ਲਾਗੇ ਵਗਦੀ ਬੂੰਦ ਨਾਲ
ਕੇਹੀ ਗੰਢ ...
ਨਾ ਖੁਲ੍ਹੀ ਨਾ ਬੰਦ

ਮੁੱਢ ਨਦੀ ਦਾ
ਗੰਢਿਆ ਹੋਇਆ
ਮੱਧ ਨਾਲ
ਤੇ ਅੰਤ ਨਾਲ

ਮੀਲ ਸੈਂਕੜੇ ਰੁੜ੍ਹ ਕੇ
ਮੁੜ ਕੇ ਜੁੜ ਕੇ
ਉੱਚੀ ਨੀਵੀਂ ਤਿੱਖੀ ਹੌਲੀ ਟੇਢੀ ਮੇਢੀ ਹੋ
ਨਦੀ ਗੰਢੀ ਹੀ ਰਹਿੰਦੀ
ਸਿਖਰ ਪਹਾੜੋਂ ਸਾਗਰ ਤੀਕ
ਨਦੀ ਹੀ ਰਹਿੰਦੀ ...

੪

ਨਦੀ ਵਹਿ ਰਹੀ
ਨਾਲ ਵਹਿ ਰਹੇ
ਸਿੱਪੀਆਂ ਲੱਕੜਾਂ
ਰੇਤਾ ਪੱਥਰ
ਫੁੱਲ ਅਸਥੀਆਂ ...

ਸਭ ਕੁਝ ਆਪਣੀ ਚਾਲੇ ਵਹਿੰਦਾ
ਨਾਲ ਨਦੀ ਦੇ
ਨਾ ਕੋਈ ਵਗਦਾ ਛੇਤੀ
ਨਾ ਕੋਈ ਰਹਿੰਦਾ ਪਿੱਛੇ
ਨਾ ਕਾਹਲੀ ਵਿਚ ਅੱਗੇ
ਸਾਰੇ ਜਾਣਨ ...
ਸਹਿਜ ਸੁਭਾਏ ਵਹਿੰਦੇ ਵਹਿੰਦੇ
ਸਭ ਨੇ ਸਾਗਰ ਅੱਪੜ ਜਾਣਾ
ਰਹਿ ਜਾਣਾ ਬਸ ਓਹੀ ਜਿਸਨੂੰ
ਵਹਿਣ ਅਦਬ ਨਾ ਹੋਣਾ ...

੫

ਨਦੀ ਫ਼ਿਕਰ ਨਾ ਕਰਦੀ
ਉਸ ਵਿਚ ਕਿੰਨਾ ਪਾਣੀ
ਘੱਟ ਹੋਏ ਤਾਂ ਸੋਗ ਨਾ ਕਰਦੀ
ਵੱਧ ਹੋਏ ਹਉਮੈ ਨਾ ਕਰਦੀ
ਸ਼ਾਇਦ ਪਤਾ ਹੈ ਉਸਨੂੰ
ਉਹ ਪਾਣੀ ਨੂੰ ਜਨਮ ਨਾ ਦੇਵੇ
ਕੇਵਲ ਰਾਹ ਦੇਵੇ

ਨਦੀ ਹੈ ਦਾਈ
ਪਾਣੀ - ਸਾਗਰ ਮਾਂ ਦਾ ਬਾਲ
ਮਾਂ ਨੂੰ ਜਾ ਪਰਤਾਅ ਦੇਂਦੀ ਹੈ
ਕੰਢੇ ਬਾਹਾਂ ਵਿਚ ਸੰਭਾਲ

ਕਦੇ ਨਦੀ - ਕਵੀ ਹੋ ਜਾਵੇ
ਕਵਿਤਾ ਪਾਣੀ - ਜਿੰਨ੍ਹਾਂ ਦਾ ਹੈ
ਓਨ੍ਹਾਂ ਨੂੰ ਹੀ ਜਾ ਪਰਤਾਵੇ ......

# ਹਿਲੋਰ

ਬਾਲ ਖਲੋਤਾ ਕੰਢੇ ਉੱਤੇ
ਸੁੱਟੇ ਪੱਥਰ
ਪਾਣੀ ਅੰਦਰ

ਪੀੜ ਹੋਏ ਪਾਣੀ ਦੀ ਛਾਤੀ
ਲੰਮੀ ਨੀਂਦਰ ਟੁੱਟੇ
ਪਾਣੀ ਦੀ ਛਾਤੀ 'ਚੋਂ ਲਹਿਰਾਂ
ਉੱਠ ਉੱਠ ਧਾਵਣ
ਕੰਢੇ ਵੱਲ
ਪੈਰ ਬਾਲ ਦੇ ਚੁੰਮਣ
ਹਰ ਇਕ ਲਹਿਰ
ਹਿਲੋਰ
ਜਾਗਣ ਜੀਅ ਉੱਠਣ ਦੀ ...

ਪਾਣੀ ਅੰਦਰ ਅਕਸ ਖਲੋਤਾ
ਬਾਲ ਦਾ
ਹੋਵੇ ਕਿਣਕਾ ਕਿਣਕਾ
ਕਣ ਕਣ ਵਿਚ ਹਿਲੋਰ
ਇਕ ਮਿਕ ਹੋਣ ਦੀ ...

ਬਾਲ ਖਲੋਤਾ ਕੰਢੇ
ਆਉਂਦੀ ਲਹਿਰ ਨੂੰ ਤੱਕੇ
ਖਿੜਖਿੜ ਹੱਸੇ
ਹਾਸੇ ਵਿਚ ਹਿਲੋਰ
ਬਚਪਨ ਦੀ ...

# ਠੀਕਰ


ਘੜਾ ਤਿਲਕਦਾ
ਸਾਂਭਣ ਵਾਲੇ ਹੱਥੋਂ
ਹੋਵੇ ਠੀਕਰ ਠੀਕਰ

ਘੜੇ ਦੇ ਪਿੰਡਿਓਂ ਜੰਮੀ ਠੀਕਰ
ਮਾਤ ਪਿਤਾ ਨੂੰ ਲੱਭੇ
ਭਏ ਉਦਾਸੀ
ਵਾਜ ਦਵੇ
ਹਾਣੀ ਬੱਚੇ ਨੂੰ
ਖੇਡਣ ਲਈ

ਠੀਕਰ ਉੱਤੇ ਰੱਖੀ ਠੀਕਰ ਗੇਂਦ ਉਡੀਕੇ
ਮੁੜ ਟਿਕਣਾ ਮੁੜ ਖਿੱਲਰ ਜਾਣਾ
ਨੇਮ ਖੇਡ ਦਾ
ਜਿਸ ਦਿਨ ਇਹ ਮੁੱਕ ਜਾਣਾ
ਖੇਡ ਨੇ ਰੁਕ ਜਾਣਾ ...

ਜਿਸ ਪਲ ਬੱਚੇ
ਠੀਕਰ ਨਾਲ
ਖੇਡ ਖੇਡ ਰੱਜ ਜਾਣਾ
ਉਸਨੇ ਆਪ ਘੜਾ ਘੜਣਾ
ਉਸ ਦੇ ਹੱਥੋਂ ਲੰਘੀਆਂ ਟੁੱਟੀਆਂ
ਸਭੋ ਠੀਕਰਾਂ ਮੁੜ ਜੁੜ ਜਾਣਾ

ਹੱਥਾਂ ਘੜਣਾ ਘੜਾ ਪਿਆਰਾ
ਘੜਾ ਘੜੇਗਾ ਬੱਚੇ ਨੂੰ ...



# ਕੱਪ

ਕੱਪ ਹੱਥੋਂ ਡਿੱਗਿਆ
ਪੌੜੀਆਂ ਉਤਰਿਆ
ਚੀਣਾ ਚੀਣਾ ਹੋਇਆ
ਘਰ ਵਿੱਚ ਖਿੱਲਰਿਆ

ਜਾਂਦਿਆਂ ਜਾਂਦਿਆ ਕੱਪ ਨੇ
ਸਾਰੇ ਘਰ ਨੂੰ ਛੋਹ ਕੇ
ਲਈ ਵਿਦਾ

ਇੱਕ ਕੰਕਰ ਮੇਰੇ ਪੈਰੀਂ ਚੁੱਭਾ
ਲਹੂ ਵਗਿਆ
ਕੱਪ 'ਚੋਂ ਪੀਤੇ ਜਲ ਨੇ
ਪਿੰਡਿਓਂ ਬਾਹਰ ਆ
ਕੱਪ ਨੂੰ ਛੋਹ ਕੇ ਦਿੱਤੀ ਵਿਦਾ

ਕੰਕਰ ਚੁਗਣ ਲਈ ਘਰ ਹੂੰਝਿਆ
ਦਰੀ ਰਜਾਈ ਝਾੜੀ   ਜਾਲਾ ਪੂੰਝਿਆ
ਖਿੱਲਰੀਆਂ ਚੀਜ਼ਾਂ
ਥਾਂ ਸਿਰ ਰੱਖੀਆਂ
ਘਰ ਪੁਰਾਣਾ
ਟੁੱਟੇ ਕੱਪ ਨਵਾਂ ਕਰ ਦਿੱਤਾ

ਕੰਕਰ ਚੁਗਦੇ ਹੋਏ
ਅਲਮਾਰੀ ਪਿੱਛੋਂ ਲੱਭੀ
ਗੇਂਦ ਗੁਆਚੀ
ਕਲ੍ਹ ਦਾ ਉਦਾਸ ਮੇਰਾ ਬੱਚਾ
ਖਿੜਖਿੜ ਹੱਸਿਆ

ਇਉਂ ਜਾਪਿਆ ਜਿਵੇਂ ਉਹ
ਹਾਸੇ ਭਰਿਆ ਕੱਪ ਹੈ
ਟੁੱਟ ਕੇ ਮੁੜ ਜੁੜਿਆ ਹੈ
ਹੁਣ ਘਰ ਵਿੱਚ ਤੁਰਿਆ ਫਿਰਦਾ ਹੈ ...

## ਚੋਗਾ

ਮਾਂ ਚੋਗਾ ਪਾਵੇ
ਚਿੜੀਆਂ ਵਿਹੜੇ ਉਤਰਣ ...

ਸਾਡਾ ਵਿਹੜਾ -
ਵਿਹੜਾ ਨਾ ਰਹਿ ਜਾਵੇ
ਚਿੜੀਆਂ -
ਬਸ ਚਿੜੀਆਂ ਨਾ ਰਹਿਣ
ਮਾਂ - ਹੁਣ
ਮੁਝ ਇਕੱਲੇ ਦੀ ਨਾ ਮਾਂ

ਮੇਰਾ ਜਗਤ ਵਡੇਰਾ ਹੋਵੇ
ਸਭ ਨਿਕ ਸੁਕ ਵਡੇਰਾ ਹੋਵੇ
ਇਸ ਛਿਣ ਵਿਚ
ਮੈਂ ਇਕ ਛਿਣ ਵਿਚ
ਵਡੇਰਾ ਹੋਵਾਂ

ਜਦੋਂ ਮਾਂ ਨਹੀਂ ਹੋਣੀ
ਚਿੜੀਆਂ ਹੋਣੀਆਂ ਮੇਰੇ ਨਾਲ

ਮਾਂ
ਆਉਂਦੇ ਦਿਨਾਂ ਨੂੰ
ਚੋਗਾ ਪਾਵੇ ...

# ਚਿੜੀ

ਵਿਹੜੇ
ਚਿੜੀਆ ਦਾਣੇ ਚੁਗਦੀ

ਬਾਲ ਕਰੇ ਕਿਲਕਾਰੀ
ਚਿੜੀਆ ਦਾਣੇ ਚੁਗਦੀ

ਨਲਕਾ ਕੂਕੇ
ਭਾਂਡਾ ਤਿੜਕੇ
ਬੂਹਾ ਖੜਕੇ
ਕੁੰਡਾ ਖੁਲ੍ਹੇ
ਕਾਂ ਬੋਲੇ

ਚਿੜੀਆ
ਦਾਣੇ ਚੁਗਦੀ ਰਹਿੰਦੀ
ਮੈਂ ਬੋਲਦਾ

ਚਿੜੀਆ
ਛਡਦੀ ਦਾਣਾ
ਭੁੱਖਣ ਭਾਣੀ
ਉੱਡ ਜਾਂਦੀ ...



## ਅਡੋਲ

ਮੀਂਹ ਵਰ੍ਹ ਰਿਹਾ

ਡਿੱਗਣ ਕਣੀਆਂ
ਉੱਠਣ ਲਹਿਰਾਂ
ਉੱਡਣ ਚਿੜੀਆਂ
ਝੂਲਣ ਟਾਹਣ
ਬੱਚੇ ਛੱਪ ਛੱਪ ਟੱਪਣ

ਸੱਭੋ ਹਿੱਲਣ
ਸਭ ਅਡੋਲ

ਮੈਂ ਦੋਚਿੱਤੀ ਦੇ
ਬੂਹੇ ਵਿਚ ਖੜਾ
ਡੋਲਦਾ

ਭਿੱਜਾਂ
ਜਾਂ ਨਾ ਭਿੱਜਾਂ ..

## ਜਾਤ੍ਰਾ

ਮਨ ਵਿੱਚ ਦੁੱਖ ਹਨ
ਹਰ ਦੁੱਖ ਉਮਰੋਂ ਲੰਮਾ
    ਲੱਖਾਂ ਹਨ ਸੰਸਕਾਰ
    ਹਰ ਇਕ ਜਨਮੋਂ ਲੰਮਾ
ਮਨ ਵਿੱਚ ਭਰੀਆਂ ਖ਼ਾਹਸ਼ਾਂ
ਸਮਰੱਥਾ ਤੋਂ ਲੰਮੀਆਂ
    ਅੰਦਰ ਅਟਕੀਆਂ ਯਾਦਾਂ
    ਮੇਰੀ ਪੈੜ ਤੋਂ ਲੰਮੀਆਂ
ਮਨ ਅੰਦਰ ਚਿੰਤਾਵਾਂ
ਰੱਬ ਦੇ ਹੁਕਮ ਤੋਂ ਲੰਮੀਆਂ

ਕਿੱਥੇ ਕਿੱਥੇ ਜਾਵਾਂ ... ?
ਸਭ ਕੁਝ ਕਿਵੇਂ ਪੁਗਾਵਾਂ ... ?

ਮੈਂ ਮਨ ਦਿਆਂ ਮੁਕਾਅ
ਇੱਕੋ ਵਾਰੀ ਮੁੱਕ ਜਾਏ
ਹਰ ਜਾਤ੍ਰਾ ....

## ਸੂਖਮ ਅਤੇ ਵਿਰਾਟ

ਪਰਬਤ
ਉਸਰੇ ਕਿਣਕਾ ਕਿਣਕਾ
ਬੁੱਤ
ਘੜੀਂਦਾ ਛੈਣੀ ਛੈਣੀ
ਲੀਕ
ਉਪਜਦੀ ਬਿੰਦੂ ਬਿੰਦੂ
ਅਉਧ
ਬਿਨਸਦੀ ਸਾਹੀਂ ਸਾਹੀਂ

ਬੂੰਦ – ਸੋਮਾ ਸਾਗਰ ਦਾ
ਰੇਤ ਕਣੀ – ਮਾਂ ਘਰ ਦੀ
ਅਣੂ – ਪਿਤਾ ਸ੍ਰਿਸ਼ਟੀ ਦਾ

ਸੂਖਮ ... ਪਹਿਲ ਸਰੂਪ
ਵਿਰਾਟ ... ਸੂਖਮ ਦਾ ਹੀ ਰੂਪ

## ਬੁੱਧ ਸਿਧਾਰਥ

ਲਭਦਾ ਦੁੱਖ ਦਾ ਹੱਲ ਸਿਧਾਰਥ
ਬੁੱਧ ਹੋ ਕੇ ਵੀ
ਦੁੱਖ ਤੋਂ ਮੁਕਤ ਨਾ ਹੋਵੇ

ਹੋਏ ਸਿਧਾਰਥ ਆਪਣਾ ਦੁੱਖ
ਬੁੱਧ ਹੋ ਜਾਵੇ ਸਭ ਦਾ ਦੁੱਖ

ਸਿਧਾਰਥ ਹੋਣ ਦਾ ਦੁੱਖ ਛੋਟਾ
ਪਰ ਦੁੱਖ ਅਸਹਿ
ਬੁੱਧ ਹੋਣ ਦਾ ਦੁੱਖ ਵੱਡਾ ਪਰ
ਝੱਲੇ ਜਾਣ ਦੀ ਸੱਤਿਆ ਨਾਲ ਲਿਆਵੇ

ਦੁੱਖ ਸਿਧਾਰਥ ਦੇ ਅੱਗੇ
ਬੁੱਧ ਦੁੱਖ ਦੇ ਪਿੱਛੇ ਪਿੱਛੇ ...

# ਬੁੱਧ ਤੇ 'ਮਾਰ'

ਅਪੜੇ ਬੁੱਧ ਨਿਰਵਾਣ ਨੂੰ
ਤਾਂ 'ਮਾਰ'* ਆਖੇ
'ਤੁਸੀਂ ਮੁਕਤ ਹੋ
ਦੁੱਖ ਕੁਰਾਹ ਸਮਾਪਤ ਹੋਇਆ
ਜਾਓ ਹੋਵੋ ਲੀਨ ਅਨੰਤ 'ਚ
ਬਿਨਸਨਹਾਰੇ ਜਗ ਅੰਦਰ ਹੁਣ ਕਿਸ ਲਈ ਰਹਿਣਾ ?'

ਬੁੱਧ ਆਖਣ ...

"ਮੇਰੀ ਤ੍ਰੇਹ ਹੁਣ ਉਹ ਨਹੀਂ ਜਿਹੜੀ
ਘਰ ਤਿਆਗਣ ਸਮੇਂ ਸਿਧਾਰਥ ਨੂੰ ਲੱਗੀ
ਮੇਰੇ ਵਿਚ ਉਸ ਬੁੱਢੇ ਤੇ
ਮੁਰਦੇ ਦੀ ਪਿਆਸ ਵੀ ਸ਼ਾਮਲ ਹੈ
ਦਰਸ ਜਿੰਨ੍ਹਾਂ ਦਾ ਮੈਨੂੰ ਮਹਿਲੋਂ ਕੱਢ ਲਿਆਇਆ
ਮੇਰੇ ਪਿੰਡੇ ਰਚਿਆ ਅੰਨਜਲ ਦਾ ਹਰ ਦਾਣਾ -
ਹਰ ਗੁਰੂ ਤੇ ਗ੍ਰੰਥ ਜਿੰਨ੍ਹਾਂ ਦਾ ਗਿਆਨ ਅਧੂਰਾ -
ਸਭਨਾਂ ਦੀ ਜੀਭਾ ਹੈ ਸੁੱਕੀ
ਏਸ ਨਦੀ ਦੀ ਪਿਆਸ ਵੀ ਮੇਰੀ
ਜਿਸ ਵਿਚ ਰੁੜ੍ਹ ਮੈ ਬੋਧ ਬਿਰਖ ਤੱਕ ਪੁੱਜਾ
ਏਸ ਬਿਰਖ ਦੀ ਤ੍ਰੇਹ ਵੀ ਮੈਨੂੰ
ਜਿਸ ਦੀ ਛਾਂ ਮੈਨੂੰ ਬੁੱਧ ਕੀਤਾ
ਮੈਂ ਤਾਂ ਓਨ੍ਹਾਂ ਸਭਨਾਂ ਲਈ ਵੀ ਪਾਣੀ ਚਾਹਾਂ
ਜਿਹੜੇ ਹਾਲੇ ਤੱਕ ਅਣਜਾਣ
ਤ੍ਰੇਹ ਆਪਣੀ ਤੋਂ ...

ਜਦ ਤਕ ਮੈਨੂੰ ਸਭਨਾਂ ਲਈ ਪਾਣੀ ਨਾ ਮਿਲਦਾ
ਮੇਰੀ ਤ੍ਰੇਹ ਤ੍ਰਿਪਤ ਨਹੀਂ
ਮੇਰਾ ਰਾਹ ਸਮਾਪਤ ਨਹੀਂ
ਇਹ ਨਿਰਵਾਣ ਸੰਪੂਰਨ ਨਹੀਂ ..."

* 'ਮਾਰ' : ਕਾਮ

## ਕੰਢੇ

ਦੁੱਖ ਆਉਂਦਾ ਹੈ ਉੱਛਲ ਉੱਛਲ
ਲਹਿਰ ਵਾਂਗ ਟਕਰਾਵੇ ਕੰਢੇ ਨਾਲ
ਫਿਰ ਮੁੜ ਜਾਵੇ
ਕੰਢਾ ਵੀ ਖੁਰ ਜਾਵੇ    ਥੋੜ੍ਹਾ ਥੋੜ੍ਹਾ ...

ਹਰ ਵਾਰੀ ਇਉਂ ਮੁੜਦੇ ਮੁੜਦੇ
ਮੁੜ ਜਾਣਾ ਦੁੱਖ
ਮੁੱਕ ਜਾਣਾ ਦੁੱਖ
ਥੱਕ ਟੁੱਟ ਕੇ

ਖੁਰਦਿਆਂ ਟੁਟਦਿਆਂ ਫਟਦਿਆਂ
ਵੀ ਰਹਿ ਜਾਣਾ
ਫਿਰ ਵੀ ਹੋਣਾ
ਕੰਢਿਆਂ ਏਥੇ ...

## ਸੁਰਤ ਦਾ ਬੀਅ

ਸਿੰਘ ਸਜੀਲੇ
ਰੋਹ ਵਿਚ ਬੋਲੇ ...

'ਗੁਰੂ ਜੀ, ਤੇਰੇ ਵੈਰੀ ਸਾਰੇ
ਵਖ਼ਤਾਂ ਨਾਲ ਚੁਣ ਚੁਣ ਮਾਰੇ
ਦੇ ਦੇ ਪਾਣੀ ਪਿਆ ਉਠਾਵੇ ...
ਪੁੱਛੋ ਏਹਨੂੰ    ਕਿਸ ਦੇ ਵੱਲ ਹੈ
ਇਹ ਕਹਿੰਦਾ ਹੈ  ਰੱਬ ਦੇ ਵੱਲ ਹੈ
ਏਹਨੂੰ ਦੱਸਿਐ   ਵਾਹਿਗੁਰੂ ਤਾਂ ਸਾਡੇ ਵੱਲ ਹੈ
ਪਰ ਨਾ ਸੁਣਦਾ  ਤੇਰਾ ਘਨਈਆ ...
ਦੇਹ ਆਗਿਆ !
ਬੀਅ ਕਰ ਦਈਏ ਨਾਸ ਪਹਿਲਾਂ
ਏਸ ਅਕ੍ਰਿਤਘਣ ਦਾ ...'

ਮਸ਼ਕ ਘਨਈਏ ਦੀ
ਗੁਰੂ ਦੀ ਅੱਖੀਓਂ ਵਹਿ ਪਈ
ਗੁਰੂ ਬੋਲਿਆ ...

"ਤੁਸੀਂ ਜਿੰਨ੍ਹਾਂ ਨੂੰ ਮਾਰ ਆਏ ਹੋ
ਲਹੂ ਉਨ੍ਹਾਂ ਦਾ ਬੀਅ ਬਣ ਬਣ ਕੇ
ਮੁੜ ਧਰਤੀ ਵਿਚ ਡਿੱਗਾ
ਆਪਣਾ ਬਦਲਾ ਲੈਣ ਵਾਸਤੇ
ਅੱਜ ਉੱਗਾ ਕਿ ਕਲ੍ਹ ਉੱਗਾ ...
ਪਰ ਜਿਨ੍ਹਾਂ ਨੂੰ ਮਸ਼ਕ ਦੇ ਪਾਣੀ ਜੀਵਨ ਦਿੱਤਾ
ਉਨ੍ਹਾਂ ਵਿਚੋਂ ਮਰ ਗਿਆ ਹੈ ਓਹ ਬੰਦਾ
ਜਿਹੜਾ ਨਾਲ ਤੁਹਾਡੇ ਲੜਦਾ ...

ਮਸ਼ਕ ਦਾ ਪਾਣੀ ਪੀ ਕੇ ਜਿਹੜਾ ਲੜਦਾ ਦਿਸੇ
ਆਪ ਨਾ ਲੜਦਾ ...
ਇਹ ਤਾਂ ਸਿਰਫ਼ ਸਰੀਰ ਹੈ ਉਸ ਦਾ
ਜਾਂ ਸਰੀਰ ਨੂੰ ਲੱਗੀ ਭੁੱਖ
ਚਿੰਤਾ ਪਿਛਲੇ ਟੱਬਰ ਦੀ ਜਾਂ
ਮਾਲਕ ਹੱਥੋਂ ਮਰਨ ਦਾ ਡਰ
ਬੰਦਾ ਨਹੀਂ ਕਲਬੂਤ ਹੈ ਉਸਦਾ
ਜਿਹੜਾ ਨਾਲ ਤੁਹਾਡੇ ਲੜਦਾ ...

ਇਸ ਕਲਬੂਤ ਨੂੰ ਨੇਜ਼ਾ ਨਹੀਂ
ਉਹ ਕਰੁਣਾ ਵਿੰਨ੍ਹਦੀ
ਜਿਸਦੀ ਬੁੱਕ 'ਚੋਂ
ਭਾਈ ਘਨਈਆ ਜਲ ਬਖਸ਼ਦਾ

ਮੈਂ ਆਪਣੀ ਕਿਰਪਾਨ
ਤੁਹਾਨੂੰ ਦਿੱਤੀ ਸੀ ਪਾ ਬਾਣੀ ਦੀ ਮਿਆਨ ...
ਕੌਣ ਹੈ ਜੋ ਨੰਗੀ ਤਲਵਾਰ ਹੀ ਮੋੜ ਲਿਆਇਆ ?
ਮੈਂ ਤਾਂ ਸੰਤ-ਸਿਪਾਹੀ ਘੱਲਿਆ ਲੜਣ ਵਾਸਤੇ
ਸਿਰਫ਼ ਸਿਪਾਹੀ ਕੀਕਣ ਬਚ ਕੇ ਵਾਪਸ ਆਇਆ ?

ਏਦੂੰ ਪਹਿਲਾਂ ...
ਲਹੂ 'ਚ ਭਿੱਜ ਉਹ ਨਾਸ ਹੋ ਜਾਵੇ
ਜਾਉ !
ਜੰਗ-ਮੈਦਾਨੇ ਵਿਚੋਂ
ਆਪੋ ਆਪਣਾ
ਬੀਅ ਸੁਰਤ ਦਾ
ਲੱਭ ਲਿਆਉ ... !"

ਵੀਹ ਵਰ੍ਹੇ ਪਹਿਲਾਂ ਗੁਰਦੁਆਰਾ ਮਨੀਕਰਣ ਵਿਖੇ ਨਿੱਕੀ ਜਿਹੀ ਤਸਵੀਰ ਟੰਗੀ ਵੇਖੀ : "ਕਵੀ ਗੁਰੂ ਗੋਬਿੰਦ ਸਿੰਘ"।

ਪਿੱਠ ਭੂਮੀ ਹਨੇਰੀ, ਗੁਰੂ ਹੱਥ ਕਲਮ, ਚਿਹਰੇ ਸ਼ਬਦ ਚਾਨਣ, ਅੱਖਾਂ ਕੋਮਲ ਤਰਲ - ਗੋਬਿੰਦ ਦੀ ਇਹ ਤਸਵੀਰ ਵਿਰਲੀ ਹੈ। ਏਸ ਲਈ ਨਹੀਂ ਕਿ ਗੋਬਿੰਦ ਏਦਾਂ ਦੇ ਸੀ ਨਹੀਂ। ਏਸ ਲਈ ਵੀ ਨਹੀਂ ਕਿ ਇਹ ਤਸਵੀਰ ਕਿਸੇ ਬਣਾਈ ਨਹੀਂ। ਏਸ ਲਈ ਕਿ - ਅਸੀਂ ਬਣਨ ਨਹੀਂ ਦੇਂਦੇ। ਸਾਡੀ ਸੰਸਕਾਰੀ ਅੱਖ ਵਿਚ ਗੁਰੂ ਗੋਬਿੰਦ ਦੀ ਤਸਵੀਰ ਏਦਾਂ ਹੈ : ਤਣਿਆ ਚਿਹਰਾ, ਸਿੱਧੀ ਧੌਣ, ਭੱਥੇ ਤੀਰ, ਗਲ਼ ਮੋਤੀ, ਸ਼ਾਹੀ ਲਿਬਾਸ, ਮੋਢੇ ਬਾਜ਼, ਹੱਥ ਕਿਰਪਾਨ, ਹੇਠਾਂ ਘੋੜਾ, ਆਲ ਦੁਆਲੇ ਸੰਗਤ, ਪਿੱਛੇ ਫੌਜ, ਅੱਗੇ ਮੌਤ ...

ਸਿੰਘ, ਸਹਿਜਧਾਰੀ, ਫ਼ੌਜੀ, ਨਕਸਲੀ ਜਾਂ ਖਾਲਿਸਤਾਨੀ - ਸਭ ਦੀ ਸੋਚ ਇਕ ਦੂਜੇ ਤੋਂ ਵੱਖਰੀ। ਕਈ ਵਾਰ ਉਲਟ ਵੀ। ਗੁਰੂ ਗੋਬਿੰਦ ਸਿੰਘ - ਸਭ ਦੀ ਪ੍ਰੇਰਣਾ। ਕਿਵੇਂ? ਕਿਉਂ?

ਹਰ ਸਭਿਅਤਾ ਨਾਇਕ ਲਭਦੀ ਹੈ - ਪ੍ਰੇਮ ਲਈ, ਸੱਚ ਲਈ, ਸੁਤੰਤਰਤਾ ਲਈ। ਨਾਇਕ ਉਹ ਸੱਚਾ ਹੈ ਜਿਸ ਵਿਚ ਨਵਾਂ ਜੰਮਿਆ ਬੰਦਾ ਪਿਘਲਾ ਕੇ ਪਾਉਣਾ ਹੁੰਦਾ ਹੈ - ਨਾਇਕ ਵਰਗੇ 'ਕਲੋਨ' ਪੈਦਾ ਕਰਨ ਲਈ। ਸਭਿਅਤਾ ਨੂੰ ਨਾਇਕ ਨਾ ਲੱਭੇ ਤਾਂ ਘੜ ਲੈਂਦੀ ਹੈ। ਗੁਰੂ ਗੋਬਿੰਦ ਸਾਡੇ ਲਈ ਦਲੇਰੀ ਤੇ ਸ਼ਹੀਦੀ ਮੌਤ ਦੇ ਨਾਇਕ ਹਨ।

ਗੁਰੂ ਗੋਬਿੰਦ ਸੱਚਮੁੱਚ ਹੋਏ, ਪਰ ਅਸੀਂ ਓਨੇ ਜਾਣੇ ਨਹੀਂ, ਜਿੰਨੇ ਘੜ ਲਏ। ਗੁਰੂ ਨੂੰ ਜਾਣਨਾ ਔਖਾ ਹੈ, ਸਮਝਣਾ ਹੋਰ ਔਖਾ, ਸਮਝ ਕੇ ਜੀਣਾ ਲਗਭਗ ਅਸੰਭਵ, ਪਰ ਘੜਣਾ ਸੌਖਾ। ਸੱਚ ਅਤੇ ਇਤਿਹਾਸ ਨੂੰ ਮਿਥਿਹਾਸ ਬਣਾਉਣ ਲਈ (ਕਿਸੇ ਦੇ ਤੁਰ ਜਾਣ ਮਗਰੋਂ) ਇਕ ਪੁਸ਼ਤ ਹੀ ਬਹੁਤ ਹੁੰਦੀ ਹੈ। ਉਸ ਮਹਾਂਪੁਰਖ ਨੂੰ ਵਿਦਾ ਹੋਇਆਂ ਤਾਂ ਬਾਰਾਂ ਪੰਦਰਾਂ ਪੁਸ਼ਤਾਂ ਬੀਤ ਚੁੱਕੀਆਂ ਹਨ।

ਆਨੰਦਪੁਰ ਤੇ ਚਮਕੌਰ ਦੀ ਜੰਗ ਹਾਰੇ, ਖਿਦਰਾਣੇ ਦੀ ਢਾਬ ਤੇ ਲੜ ਕੇ ਹਟੇ, ਮੌਤ ਨੂੰ ਟਾਲਦੇ ਵੰਗਾਰਦੇ ਗੋਬਿੰਦ - ਆਪਣੀ ਸਲਤਨਤ ਮੋੜਣ ਲਈ ਫ਼ੌਜ ਇਕੱਠੀ ਨਹੀਂ ਕਰਦੇ : ਦਮਦਮੇ ਬਹਿ ਕੇ ਗੁਰੂ ਗ੍ਰੰਥ ਦਾ ਮੁੜ ਸੰਪਾਦਨ ਕਰਦੇ ਹਨ। ਉਨ੍ਹਾਂ ਨੂੰ ਪਤਾ ਹੈ - ਸ਼ਕਤੀ ਸ਼ਬਦ ਵਿਚ ਹੈ। ਓਥੋਂ ਹੀ ਇਹ ਸ਼ਖਸ ਤੇ ਸ਼ਮਸ਼ੀਰ ਵਿਚ ਦਾਖਲ ਹੁੰਦੀ ਹੈ। ਉਹ ਸੰਤ ਸਿਪਾਹੀ ਹੋਣ ਨੂੰ ਆਖਦੇ ਹਨ - ਸਿਪਾਹੀ-ਸੰਤ ਹੋਣ ਨੂੰ ਨਹੀਂ।

ਇਹ ਗੋਬਿੰਦ - ਸਾਡੀ "ਲੋੜ" ਦਾ ਗੋਬਿੰਦ ਨਹੀਂ। ਅਸੀਂ ਉਹਨੂੰ ਮੁੜ ਘੜਦੇ ਹਾਂ। ਉਹਦੇ ਹੱਥੋਂ ਕਲਮ ਲੁਕਾਅ, ਸ਼ਮਸ਼ੀਰ ਫੜਾਉਂਦੇ ਹਾਂ। ਅੱਖ ਵਿਚੋਂ ਕਰੁਣਾ ਕੱਢ ਬੀਰ ਰਸ ਪਾਉਂਦੇ ਹਾਂ। "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਮੇਟ ਕੇ ਮੱਥੇ "ਨਿਸਚੈ ਕਰ ਆਪਨੀ ਜੀਤ ਕਰੋਂ" ਖੁਣਦੇ ਹਾਂ। ਅਜਿਹੇ ਗੋਬਿੰਦ ਨੂੰ ਹੁਣ ਅਸੀਂ "ਵਰਤ" ਸਕਦੇ ਹਾਂ ...।

ਗੁਰੂ ਕਿਹਾ : "ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ"।

ਅਸੀਂ ਪਹਿਲੀ ਅੱਧੀ ਤੁਕ ਸਾਂਭ ਲੈਂਦੇ, ਪਿਛਲੀ ਅੱਧੀ ਤਿਆਗ ਦੇਂਦੇ ਹਾਂ। ਭਗੌਤੀ ਪਹਿਲਾਂ ਭਗਤੀ ਪਿੱਛੋਂ, ਸ਼ਕਤੀ ਪਹਿਲਾਂ ਸ਼ਬਦ ਪਿੱਛੋਂ। ਜਿਹੜਾ ਪਹਿਲਾ ਅੱਧ ਪੂਰਾ ਕਰ ਲੈਂਦਾ ਹੈ, ਤਾਕਤਵਰ ਤੇ ਸੱਤਾਧਾਰੀ ਹੋ ਜਾਂਦਾ ਹੈ : ਦੂਜੇ ਅੱਧ ਦੀ ਉਹਨੂੰ ਲੋੜ ਨਹੀਂ ਰਹਿੰਦੀ। ਸਾਡੇ ਤੇ ਰਾਜ ਕਰਦਾ ਹੈ, ਸਾਡਾ ਧਰਮ ਨਿਸਚਿਤ ਕਰਦਾ ਹੈ - ਗੋਬਿੰਦ ਮੁਤਾਬਕ ਨਹੀਂ, ਆਪਣੇ ਮੁਤਾਬਕ। ਅਸੀਂ ਓਨ੍ਹਾਂ ਦੇ ਹੁਕਮ ਵਿਚ ਜੀਂਦੇ ਹਾਂ ਜਿੰਨ੍ਹਾਂ ਵਿਰੁੱਧ ਗੋਬਿੰਦ ਲੜਿਆ। ਇਹ ਨਹੀਂ ਕਿ ਹੁਣ ਇਉਂ ਹੋਇਆ ਹੈ। ਉਨ੍ਹਾਂ ਦੇ ਜੀਂਦੇ ਜੀਅ ਵੀ ਸੈਂਕੜੇ ਸ਼ਰਧਾਲੂ ਯੋਧਿਆਂ ਦੀ ਭੀੜ ਵਿਚ ਭਾਈ ਘਨਈਆ ਹੀ ਗੁਰੂ ਅੰਦਰ ਉਮੜਦੀ ਕਰੁਣਾ ਪਛਾਣ ਸਕਿਆ।

ਨਾਨਕ ਕੋਲ ਤਾਂ ਹਥਿਆਰ ਨਾਲੋਂ ਵੱਧ - ਨਿਹੱਥੇ ਲੜਣ ਦਾ ਜੇਰਾ ਸੀ, ਜੰਗਲਾਂ ਵਿਚ ਇਕੱਲੇ ਘੁੰਮਣ ਦਾ ਹੌਂਸਲਾ ਸੀ, ਉਹ ਹਸਦਾ ਤੇ ਨੱਚਦਾ ਵੀ ਸੀ। ਮੂਰਤ ਘੜ ਕੇ ਅਸੀਂ ਨਾਨਕ ਨੂੰ ਚਿੱਟੇ ਦਾਹੜੇ, ਉਦਾਸੀਨ ਚਿਹਰੇ ਤੇ ਉੱਠੇ ਹੋਏ ਹੱਥ ਵਿਚ ਕੈਦ ਕਰਦੇ ਹਾਂ। ਨਾਨਕ ਨੂੰ ਜੁਆਨ ਨਹੀਂ ਹੋਣ ਦੇਂਦੇ, ਗੋਬਿੰਦ ਨੂੰ ਸ਼ਾਂਤ ਨਹੀਂ ਹੋਣ ਦੇਂਦੇ। ਅਸੀਂ ਆਪਣੇ ਸਟੀਰੀਓਟਾਈਪ : ਪੂਰਵ-ਨਿਸਚਿਤ ਚਿਹਰੇ ਗੁਣ ਤੇ ਲੋੜਾਂ - ਉਨ੍ਹਾਂ ਤੇ ਲਾਗੂ ਕਰਦੇ ਹਾਂ।

ਅਸੀਂ ਸਿਰਫ਼ ਆਖਦੇ ਹਾਂ - ਅਸੀਂ ਉਨ੍ਹਾਂ ਵਰਗੇ ਹੋਣਾ ਚਾਹੁੰਦੇ ਹਾਂ ... ਉਹ ਸਨ ਕਿਹੋ ਜਿਹੇ - ਨਹੀਂ ਜਾਣਨਾ ਜਾਂ ਹੋਣਾ ਚਾਹੁੰਦੇ। ਉਹ ਕਿਹੋ ਜਿਹੇ ਹੋਣ : ਏਹਦਾ ਫ਼ੈਸਲਾ ਕਰਦੇ ਹਾਂ :

ਅਸੀਂ ਨਾਨਕ ਦੀ ਉਹ ਤਸਵੀਰ ਬਣਨ ਹੀ ਨਹੀਂ ਦੇਂਦੇ - "ਯੋਧਾ ਨਾਨਕ" ... "ਹਸਦਾ ਨਾਨਕ" ...

ਅਸੀਂ ਗੋਬਿੰਦ ਦੀ ਉਹ ਤਸਵੀਰ ਵੀ ਨਹੀਂ ਬਣਨ ਦੇਂਦੇ - "ਕਵੀ ਗੋਬਿੰਦ" ... "ਖੇਡਦਾ ਗੋਬਿੰਦ" .

# ਗੋਬਿੰਦ ਵਰਗਾ

ਮੈਂ ਗੋਬਿੰਦ ਨੂੰ ਪੁੱਛਦਾ ਹਾਂ :
'ਮੈਂ ਤੇਰੇ ਵਰਗਾ ਕਿਵੇਂ ਬਣਾਂ ?'

ਉਹ ਮੁਸਕਾਉਂਦਾ ਅਤੇ ਆਖਦਾ ...
"ਸ੍ਰਿਸ਼ਟੀ ਅੰਦਰ ਇੱਕ ਫੁੱਲ ਇੱਕੋ ਵਾਰ ਹੀ ਉਗਦਾ
ਏਸ ਅਨੰਤ ਪਸਾਰੇ ਅੰਦਰ
ਕੋਟ ਸਮੇਂ ਵਿਚ ਧਰਤ ਅਸੰਖਾਂ ਉੱਤੇ
ਇਕ ਪੱਤਾ ਜਾਂ ਕੰਕਰ ਵੀ ਦੂਜੇ ਵਰਗਾ ਨਾ ਜਨਮੇ!"

ਮੈਂ ਕਹਿੰਦਾ ਹਾਂ
'ਪਰ ਮੈਂ ਸੁਣਿਐ ਤੇਰੇ ਅੰਦਰ ਜੋਤੀ ਨਾਨਕ ਵਾਲੀ ਸੀ'

ਉਹ ਆਖਦਾ
"ਮੈਂ ਓਸੇ ਟਾਹਣੀ ਤੇ ਉੱਗਿਆ
ਜਿਸ ਤੇ ਨਾਨਕ ਖਿੜਿਆ
ਪਰ ਨਾਨਕ ਵਾਂਗੂੰ ਨਹੀਂ ਖਿੜਿਆ
ਮੈਂ ਵੀ ਮੁੜ ਕੇ ਜਨਮ ਲਵਾਂ ਤਾਂ
ਪਹਿਲਾਂ ਵਾਂਗ ਨਹੀਂ ਖਿੜ ਸਕਣਾ"

ਮੈਂ ਪੁੱਛਦਾ ਹਾਂ
'ਤੇਰੇ ਵਾਂਗੂੰ ਜੀਅ ਨਹੀਂ ਸਕਦਾ –
'ਤਾਂ ਕੀ ਤੇਰੇ ਵਾਂਗਰ ਮੈਂ ਮਰ ਵੀ ਨਹੀਂ ਸਕਦਾ ?

ਉਹ ਕਹਿੰਦਾ ਹੈ
"ਮੈਂ ਤਾਂ ਆਪਣੇ ਆਖਣ ਵਾਂਗੂੰ ਆਪ ਨਾ ਮਰਿਆ ...
"ਅਤਿ ਹੀ ਰਨ ਮੈ ਤਬ ਜੂਝ ਮਰੋਂ" ਕਹਿ ਕੇ ਵੀ
ਮੈਂ ਰਣਤੱਤੇ ਵਿਚ ਨਾ ਮਰਿਆ
ਮੈਂ ਰਣਤੱਤੇ ਵਿਚ ਜੀਵਿਆ
ਮੇਰੇ ਲਈ ਓਹੀਓ ਸੀ ਵੱਡਾ... ...

ਮੈਂ ਕਹਿੰਦਾ ਹਾਂ
'ਤੂੰ ਪਿਤਾ ਕੀਤਾ ਕੁਰਬਾਨ
ਪੁੱਤਰ ਚੇਲੇ ਘਰ ਜਾਇਦਾਦ ਛੱਡੀ ਜਾਨ !"

ਉਹ ਪੁੱਛਦਾ ਹੈ
"ਤੈਨੂੰ ਮੇਰੇ ਵਿੱਚੋਂ ਕੇਵਲ ਮੌਤ ਕਿਉਂ ਦਿਸਦੀ ?
ਮੈਂ ਤਾਂ ਪਲ ਪਲ ਸ਼ਬਦ ਸ਼ਬਦ ਕਵਿਤਾ ਜੀਵੀ ਹੈ

ਹੱਸਿਆ ਹਾਂ ਮੈਂ ਖੇਡਿਆ ਹਾਂ
ਬਾਲਾਂ ਖਾਤਰ ਘੋੜਾ ਬਣਿਆਂ
ਪਾਣੀ ਧੁੱਪ ਹਵਾ ਵਿਚ ਘੁਲਿਆਂ  ਧੰਨ ਧੰਨ ਹੋਇਆਂ
ਸੇਜ ਹੰਢਾਈ ਸੁਪਨੇ ਲਏ ਮੈਂ ਪਿਆਰ ਵੀ ਕੀਤਾ ...
ਤੂੰ ਮਰਨਾ ਹੀ ਕਿਉਂ ਚਾਹੇਂ ਜਦ
ਚਾਰ ਚੁਫ਼ੇਰੇ ਜੀਵਨ ਦਾ ਹੈ ਜਸ਼ਨ ਹੋ ਰਿਹਾ !
ਹਰ ਛਿਣ ਕਿਧਰੇ
ਪੱਤਾ ਅੰਕੁਰ ਬੱਚਾ ਚਾਨਣ ਜਨਮ ਲੈ ਰਿਹਾ !"

ਮੈਂ ਕਹਿੰਦਾ ਹਾਂ
'ਤਿਲ ਤਿਲ ਮੇਰਾ ਜੀਣਾ – ਤਿਲ ਦੇ ਵਾਂਗ ਨਿਗੂਣਾ ਨਿੱਕਾ
ਇਸ ਲਈ ਆਪਣਾ ਮਰਨਾ ਵੱਡਾ ਕਰਨਾ ਚਾਹੁੰਦਾ
ਤੇਰੇ ਵਾਂਗੂੰ ਮਰਨਾ ਚਾਹੁੰਦਾ ...'

ਉਹ ਕਹਿੰਦਾ ਹੈ
"ਮੈਂ ਮਰਨ ਲਈ ਨਹੀਂ ਜੀਵਿਆ
ਮੈਂ ਤਾਂ ਅੰਤਮ ਸਾਹ ਤੀਕਰ ਪਲ ਪਲ ਜੀਂਦਾ ਸਾਂ
ਮੇਰੀ ਮੌਤ ਵੀ ਮੇਰੇ ਜੀਣ ਦਾ ਹਿੱਸਾ ਹੀ ਸੀ
ਮੇਰੇ ਲਈ ਇਹ ਹੱਸਣ ਜਿੰਨੀ ਕਵਿਤਾ ਜਿੰਨੀ
ਨੀਂਦਰ ਜਿੰਨੀ ਸਹਿਜ ਸੀ ਪਿਆਰੇ !
ਕੋਈ ਬੰਦਾ ਕਿਸੇ ਦੇ ਵਾਂਗੂੰ ਸੌਂ ਨਾ ਸਕਦਾ
ਤੇਰਾ ਸੌਣਾ ਮੇਰੀ ਨੀਂਦਰ 'ਚੋਂ ਨਹੀਂ ਆਉਣਾ
ਨਾ ਹੀ ਤੇਰਾ ਮਰਨਾ ਮੇਰੀ ਮੌਤ 'ਚੋਂ ਆਉਣਾ !"

ਮੈਂ ਕਹਿੰਦਾ ਹਾਂ
'ਤੂੰ ਮੈਨੂੰ ਚੰਗਾ ਲਗਦਾ ਹੈਂ
ਏਸ ਲਈ ਮੈਂ ਤੇਰੇ ਵਰਗਾ ਹੋਣਾ ਚਾਹਾਂ'

ਉਹ ਆਖ਼ਦਾ
"ਕਿਸੇ ਜਿਹੀ ਵਸਤੂ ਪਾਉਣਾ ਜਾਂ ਕਿਸੇ ਜਿਹਾ ਹੋ ਜਾਣਾ
ਇੱਕੋ ਗੱਲ ਹੈ ... ਇੱਕੋ ਲੋਭ
ਏਸ ਲੋਭ ਨੇ ਓਸ ਬੀਜ ਨੂੰ ਮਾਰ ਮੁਕਾਉਣਾ
ਜਿਹੜਾ ਤੇਰੇ ਅੰਦਰ ਹੈ ਬੇਤਾਬ ਖਿੜਣ ਲਈ

ਤੇਰਾ ਬੀਜ ਹੈ ਨਵਾਂ ਨਵੇਕਲ
ਆਪਣੇ ਵਰਗਾ ਇੱਕੋ ਹੀ ਇਕ
ਜੇ ਤੂੰ ਇਸਨੂੰ ਖਿੜਣ ਦਵੇਂ ਤਾਂ ਹੋ ਸਕਦਾ
ਇਸਦਾ ਖੇੜਾ ਹੋਵੇ ਮੇਰੇ ਤੋਂ ਵੀ ਵੱਡਾ !"

ਮੈਂ ਅੱਖਾਂ ਭਰ ਕਹਿੰਦਾ ਹਾਂ
'ਮੈਨੂੰ ਖਿੜਣਾ ਹੀ ਨਾ ਆਵੇ
ਹੋ ਸਕਦਾ ਹੈ ਤੇਰੀ ਛੋਹ ਮੈਨੂੰ ਪਰਤਾਵੇ ...'

ਮੇਰੇ ਸਿਰ ਤੇ ਹੱਥ ਧਰ ਕਹਿੰਦਾ ...

"ਜਿਵੇਂ ਜਾਗਣਾ ਨੀਂਦਰ ਅੰਦਰ ਲੁੱਕਿਆ ਰਹਿੰਦਾ
ਓਵੇਂ ਖਿੜਣਾ ਫੁੱਲ ਦੇ ਅੰਦਰ ਲੁੱਕਿਆ ਰਹਿੰਦਾ
ਤੂੰ ਮੇਰੇ ਤੋਂ ਬੇਮੁਖ ਹੋ ਜਾ !
ਆਪਣਾ ਮੁਖ ਅਪਣੇ ਵੱਲ ਕਰ ਲੈ
ਮੇਰੇ ਸਰਵਰ ਤੇ ਨਾ ਆ
ਜਾਹ ! ਆਪਣਾ ਪਾਣੀ ਆਪਣੀ ਜੜ੍ਹ ਨੂੰ ਲਾ
ਜਿਸ ਪਲ ਤੇਰਾ ਫੁੱਲ ਤੁਧ ਅੰਦਰੋਂ ਅੱਖ ਖੋਲ੍ਹੇਗਾ
ਓਦੋਂ ਉਸਨੂੰ ਦਿਸੇਗਾ ...
ਤੇਰੇ ਫੁੱਲ ਦੇ ਬਿਲਕੁਲ ਨੇੜੇ
ਆਪਣੀ ਟਾਹਣੀ ਉੱਤੇ
ਮੈਂ ਖਿੜਿਆ ਹੋਵਾਂਗਾ ... !

# ਅਰਜਨ

ਜਿਸ ਪਲ ਅਰਜਨ
ਛੱਡੇ ਤੀਰ
ਗੰਢੇ ਜੁੱਤੀ
ਠੋਕੇ ਮੇਖ
ਵਾਹੇ ਧਰਤੀ

ਉਹ ਅਰਜਨ ਨਾ ਰਹਿੰਦਾ

ਉਸਦੀਆਂ ਬਾਹਾਂ ਤੀਰ ਧਨੁੱਸ਼
ਸੁੰਬਾ ਹੱਥ ਹਥੌੜਾ ਮੁੰਨੀ
ਸਭ ਅਲੋਪ ਹੋ ਜਾਂਦਾ

ਬਚਦੀ ਬਸ ਇਕ ਦ੍ਰਿਸ਼ਟੀ
ਜਾਂ ਉਹ ਬਿੰਦੂ
ਜਿਸ ਤੇ ਦ੍ਰਿਸ਼ਟ ਟਿਕੀ

ਦ੍ਰਿਸ਼ਟੀ ਸ੍ਰਿਸ਼ਟੀ ਇੱਕ ਹੋ ਜਾਂਦੇ
ਕ੍ਰਿਸ਼ਨ ਅਤੇ ਅਰਜਨ ਵਿਚਕਾਰ
ਅੰਤਰ ਮੁੱਕ ਜਾਂਦੇ

ਕ੍ਰਿਸ਼ਨ ...
ਜੋ ਇਕ ਦ੍ਰਿਸ਼ਟੀ ਵਿਚ ਸ੍ਰਿਸ਼ਟੀ ਤੱਕੇ
ਸ੍ਰਿਸ਼ਟੀ ਵਿਚ ਅਰਜਨ ਵੀ ਦਿੱਸੇ
ਅਰਜਨ ...
ਜਿਸਨੇ ਇੱਕ ਦ੍ਰਿਸ਼ਟੀ ਵਿਚ ਸ੍ਰਿਸ਼ਟ ਸਮੇਟੀ
ਉਸ ਦ੍ਰਿਸ਼ਟੀ ਵਿਚ
ਕ੍ਰਿਸ਼ਨ ਲਈ ਵੀ ਥਾਂ ਨਾ ਕੋਈ ...



# ਅੱਜ ਦਾ ਵਰ

ਰੋਜ਼ ਦਿਹਾੜੀ
ਅੰਤਰ ਵਿਚੋਂ ਰੌਲਾ ਉੱਠੇ
ਹੋਏ ਬਗਾਵਤ
ਜਦੋਂ ਜਦੋਂ ਵੀ
ਜੀਣਾ ਚਾਹਾਂ
ਸੱਚ ਬੋਲਣਾ
ਸੁਰ ਇਕਾਗਰ ਹੋਣਾ ਚਾਹਾਂ

ਪਰ ਜੇ ਏਸ ਹਨੇਰੀ ਅੱਗੇ
ਮਿੱਥ ਕੇ ਖੜ੍ਹ
ਇੱਕ ਵਾਰੀ ਵੀ
ਸੱਚ ਬੋਲ ਦਿਆਂ
ਸੁਰ ਹੋ ਜਾਵਾਂ
ਜੀਅ ਹੀ ਲਾਂ ਤਾਂ ...

ਆਪਣਾ ਆਪਾ ਚੰਗਾ ਲੱਗੇ
ਪੀੜ ਉਦਾਸੀ ਹੁੰਦਿਆਂ ਵੀ
ਹੋਰ ਜੀਣ ਨੂੰ ਜੀਅ ਕਰੇ
ਕਾਸੇ ਵਿਚੋਂ ਦੁੱਖ ਡੁਲ੍ਹ ਜਾਏ
ਸਹਿਜ ਧੁਨੀ ਹੌਲਾਪਣ ਤੇ
ਕਵਿਤਾ ਦਾ ਛੰਦ ਭਰ ਜਾਏ ...

ਪਰ ਇਹ ਵੱਡਾ ਵਰ ਮਿਲਦਾ
ਬਸ ਅੱਜ ਲਈ ...

ਭਲਕੇ ਫੇਰ ਕਮਾਉਣਾ ਹੁੰਦਾ
ਆਪਣੇ ਦਰ ਤੇ
ਕਲ੍ਹ ਫਿਰ
ਕਿਰਤ ਲਈ ਔਣਾ ਹੁੰਦਾ ...

## ਓਦੋਂ ਤੇ ਹੁਣ

ਸ਼ੀਸ਼ਾ ਤੱਕਿਆਂ
ਆਪਣਾ ਤਨ
ਚੰਗਾ ਨਾ ਲੱਗੇ

ਪਹਿਨ ਲਵਾਂ ਮੈਂ
ਧੋ ਸੁਆਰੇ ਚੰਗੇ ਕਪੜੇ
'ਫ਼ਿਕਰ' ਮੇਰਾ ਘਟ ਜਾਵੇ
ਮੁੱਕੇ ਨਾ ...

ਵੇਲਾ ਸੀ ਕੋਈ
ਪੱਲੇ ਚੰਗੇ ਕਪੜੇ ਨਾ ਸਨ
ਮੰਗਵੇਂ ਕਪੜੇ ਪਾ ਲੈਂਦਾ ਸਾਂ
ਦੂਜਿਆਂ ਅੱਗੇ 'ਪੇਸ਼ ਹੋਣ' ਲਈ

ਉਸ ਵੇਲੇ ਤੇ ਹੁਣ ਵਿਚਕਾਰ
ਅੰਤਰ ਬਹੁਤਾ ਨਹੀਂ

ਫ਼ਿਕਰ ਓਦੋਂ ਵੀ ਲੱਗਿਆ ਰਹਿੰਦਾ
ਫ਼ਿਕਰ ਅਜੇ ਵੀ ਹੈ
ਨੰਗੇ ਹੋਣ ਦੀ ਹਿੰਮਤ
ਨਾ ਓਦੋਂ ਸੀ
ਨਾ ਹੁਣ ਹੈ ...

# ਧੋਤਾ ਕਪੜਾ

ਗਲ ਪਾਇਆ ਕਪੜਾ ਧੋ ਦੇਵਾਂ

ਕਪੜਾ ਨਿਖਰੇ
ਵੱਟ ਝੁਰੜੀਆਂ ਹੋਣ ਅਲੋਪ
ਜੀਕਰ ਜਾਏ ਬੁਢਾਪਾ
    ਪਰਤੇ ਬਚਪਨ
ਕਪੜਾ ਜਾਪੇ ਖੁਸ਼
ਪਿੰਡਾ ਤਣਿਆ ਚਿਹਰਾ ਚਮਕੇ
    ਮੁੜਿਆ ਤੀਰਥੋਂ
ਕਪੜੇ ਅੰਦਰ ਪੈ ਜਾਏ ਜਾਨ
ਹੌਲਾ ਹੋਵੇ ਜੀਕਰ
    ਮੈਲ ਸੀ ਰੋਗ
    ਮੈਲ ਸੀ ਭਾਰ

ਕਪੜਾ ਕਲਵਲ ਹੋਵੇ
ਜੀਕਰ ਪੌਣ 'ਚ ਭਰਿਆ ਜਲ
ਜਿਉਂ ਧਰਤੀ ਜਲ ਭਿੱਜੀ ਹੋਵੇ
ਜਿਵੇਂ ਨੇਤਰੀਂ ਜਲ ਭਰ ਆਵੇ

ਪਿੰਡਾ ਕਰ ਇਸ਼ਨਾਨ
ਸੁੱਚੇ ਮੂੰਹ
ਚਾਈਂ ਚਾਈਂ
ਧੋਤੇ ਕਪੜੇ ਦੇ ਗਲ ਲੱਗੇ

ਧੋਤਾ ਕਪੜਾ
ਵਿਛ ਵਿਛ ਜਾਵੇ
ਮੁੜ ਮੁੜ ਧੋਤੇ ਜਾਣ ਨੂੰ ...

# ਤਲੀਆਂ

ਪੈਰ-ਤਲ਼ੀ ਵਿੱਚ ਕੰਡਾ ਚੁੱਭਾ
ਕੰਡਾ ਕੱਢਿਆ ਤਾਂ ਮੈਂ ਜਾਤਾ
ਕਿੰਨੇ ਸਾਲ਼ ਹੀ ਬੀਤ ਗਏ
ਮੈਂ ਤਲ਼ੀਆਂ ਨੂੰ ਤੱਕਿਆ ਨਾ
    ਕਿੱਥੇ ਹਨ -
    ਕਿਸ ਹਾਲ 'ਚ ਹਨ -
    ਕਿੰਨੀਆਂ ਥੱਕੀਆਂ -
    ਮੈਂ ਪੁੱਛਿਆ ਨਾ
ਜਦ ਵੀ ਤੁਰਨਾ ਹੋਵੇ
ਪਾਵਾਂ ਕਾਠੀ ਬਣਾਂ ਸਵਾਰ
ਤਲ਼ੀਆਂ ਕੋਲ਼ੋਂ ਲਵਾਂ
ਇਜਾਜ਼ਤ - ਮੈਂ ਸੋਚਾਂ ਵੀ ਨਾ
    ਮੈਂ ਜਿੱਥੇ ਵੀ ਜਾਣਾ ਚਾਹਾਂ
    ਪੁੱਛਾਂ ਪਤਾ ਓਸ ਦਾ ਸਿਰ ਤੋਂ
    ਪਰ ਜਿੱਥੋਂ ਜਿੱਥੋਂ ਲੰਘਦਾ ਹਾਂ
    ਉਹ ਰਸ ਨਕਸ਼ਾ ਦਰਦ ਤੇ ਯਾਦ
    ਸਾਂਭਣ ਇਹ ਤਲੀਆਂ

ਤਲੀਆਂ ਧਰਤੀਓਂ ਉਤਲੀ ਧਰਤੀ
ਜਿਸ ਉੱਤੇ ਮੈਂ ਖੜ੍ਹਦਾ
ਤਲੀਆਂ ਸਦਕਾ ਇਹ ਜਗ
ਸਦਾ ਉਚਾਈਓਂ ਦਿਸਦਾ
ਫਿਰ ਵੀ ...
    ਜੀਕਰ ਘਰ ਦਾ ਨੌਕਰ
    ਹੋਵੇ, ਪਰ ਨਾ ਹੋਵੇ
    ਸਾਰਾ ਦਿਨ ਕੰਮ ਕਰਕੇ ਰਾਤੀਂ
    ਚੁੱਪ ਚਾਪ ਜਾ ਕੇ ਸੌਂ ਜਾਵੇ
    ਘਰ ਅੰਦਰ ਗੁੰਮਨਾਮੀ ਨੁੱਕਰੇ 'ਕੱਲਾ ਭਾਣਾ
    ਬਸ ਓਵੇਂ ਹੀ ਮੇਰੀਆਂ ਤਲ਼ੀਆਂ
    ਹੋਈਆਂ, ਪਰ ਨਾ ਹੋਈਆਂ
ਮੈਂ ਕੰਡੇ ਨੂੰ ਮੱਥਾ ਟੇਕਾਂ
ਇਸ ਦਾ ਸਦਕਾ
ਮੈਂ ਅੱਜ ਮਿਲ਼ਿਆ
ਆਪਣੇ ਹੀ ਟੱਬਰ ਦੇ ਜੀਅ ਨੂੰ
ਤਲੀਆਂ ਨੂੰ ...

# ਕਦਮ

੧

ਇੱਕ ਕਦਮ ਚੁੱਕਣਾ ਹੁੰਦਾ
ਜੇਕਰ ਗ਼ਲਤ ਚੁੱਕਿਆ ਜਾਵੇ ...
ਉਸ ਮਗਰੋਂ -
ਉਚਤਮ ਤੋਂ ਨੀਵਾਣ ਤੀਕ
ਤਿਲਕਣ ਤੋਂ ਡਿੱਗ ਪੈਣ ਤੀਕ
ਕਦਮ ਸਾਰੇ ਆਪੇ ਚੁੱਕੇ ਜਾਣ ...

੨

ਮੇਰੇ ਕੋਲ ਬਸ
ਇਕ ਕਦਮ ਦੀ ਦ੍ਰਿਸ਼ਟੀ
ਅਗਲੇ ਕਦਮ ਦੀ ਚੋਣ
ਇਕੱਲੇ ਕਦਮ ਦਾ ਸੱਚ

ਪੀੜ -
ਮੈਂ ਹਰ ਬੀਤੇ ਕਦਮ ਦੀ
ਚੁੱਕੀ ਫਿਰਦਾ ...

੩

ਮੇਰਾ ਬੱਚਾ
ਪਹਿਲਾ ਕਦਮ ਪੁੱਟੇ
ਕਿਲਕਾਰੀ ਮਾਰੇ    ਉਹਨੇ
ਜਗ ਵਿੱਚ ਪੈਰ ਧਰ ਲਿਆ

ਦੂਜਾ ਕਦਮ ਪੁੱਟੇ
ਕੁਝ ਨਵਾਂ ਦਿਸੇ
ਉਹ ਮੈਨੂੰ ਭੁੱਲ ਜਾਵੇ

ਤੀਜਾ ਕਦਮ ਪੁੱਟੇ
ਬੱਚਾ ਮੇਰੀ ਪੈੜ ਵਿੱਚੋਂ
ਬਾਹਰ ਨਿਕਲ ਜਾਵੇ ...

# ਤੀਜਾ ਬੰਦਾ

ਕੁਝ ਕਰਨ ਲੱਗਾਂ
ਭੁੱਲ ਜਾਵਾਂ
ਨਿਸਚਾ ਕਰਾਂ
ਅਤੇ ਟੁੱਟ ਜਾਵਾਂ
ਜਾਵਾਂ ਕਿਧਰੇ
ਹੋਰ ਥਾਓਂ ਤੋਂ ਪਰਤ ਕੇ ਆਵਾਂ
ਆਪ-ਮੁਹਾਰੇ ਹੱਥ ਕੀ ਕੀਤਾ
ਮੈਂ ਨਾ ਜਾਣਾਂ
ਅੱਖਾਂ ਵੇਖਣ ਉਹ ਸਭ ਜੋ
ਨਾ ਤੱਕਣਾ ਚਾਹਾਂ
ਕੰਨਾਂ ਵਿੱਚ ਉਹ ਗੂੰਜੇ
ਜੋ ਭੁੱਲਣਾ ਚਾਹਾਂ

ਮੈਂ ਉਹ ਹਾਂ
ਜੋ ਮੈਂ ਨਾ ਹੋਣਾ ਚਾਹਾਂ

ਮੇਰੇ ਅੰਦਰ ਦੋ ਬੰਦੇ
ਇੱਕ ਦੂਜੇ ਨੂੰ ਪਲੋ ਪਲੀ ਵੰਗਾਰਦੇ
ਮੈਂ ਕੌਣ ਹਾਂ ਦੋਹਾਂ ਵਿੱਚੋਂ
ਮੈਂ ਨਾ ਜਾਣਾਂ

ਸ਼ਾਇਦ ਮੈਂ ਹਾਂ
ਤੀਜਾ ਬੰਦਾ
ਜੋ ਦੋਹਾਂ ਨੂੰ ਵੇਖ ਰਿਹਾ ...

## ਬੇਸੁਰ

ਸੁਰ ਅੰਤਰ ਵਿੱਚ ਗੂੰਜੇ
ਨਿਰਮਲ਼
ਸ਼ੁੱਭ
ਕੁਆਰਾ
ਜਦੋਂ ਗਲ਼ੇ 'ਚੋਂ ਉਪਜੇ
ਬੇਸੁਰ ਹੋ ਜਾਵੇ

ਸੁਰ
ਸਦਾ ਸ਼ੁੱਧ
ਸਦਾ ਸੁਤੰਤਰ
ਕਿਸੇ ਨਾਲ ਨਾ ਲਿਪਟੇ

ਜੋ ਵੀ ਮੈਲਾ ਓਹੀ ਲਿਪਟੇ

ਅੰਤਰ ਤੋਂ ਸੰਗੀਤ ਆਵੇ
ਰਾਹ ਵਿੱਚ ਮੈਂ ਰਲ਼ ਜਾਵਾਂ
ਸੁਰ ਬੇਸੁਰ ਹੋ ਜਾਵੇ ...

## ਕਾਹਲਾ ਗਵੱਈਆ

ਉਮਰ ਹੋ ਗਈ
ਸੁਰਾਂ ਛੇੜਦੇ
ਲੈਅ ਲਭਦੇ

ਲੈਅ ਦੀ ਥਾਵੇਂ ਨਿਕਲ ਰਿਹਾ
ਭੈਅ
ਪੀੜ
ਚਿੰਤਾ
ਬੇਬਸੀ
ਭਟਕਣ
ਬੇਵਿਸ਼ਵਾਸੀ
ਅਤੇ ਗਿਲਾਨੀ ...

ਤਾੜੀ ਸੁਣਨ ਦੀ ਕਾਹਲ ...

ਗਵੱਈਆ ਭੁੱਲ ਗਿਆ
ਸਾਜ਼ ਨੂੰ ਸੁਰ ਕਰਨਾ ...

# ਸ਼ੋਰ

ਬੱਚੇ ਦੇ ਤੁਤਲਾਏ ਬੋਲ
ਮੁੜ ਮੁੜ ਲੱਭੇ
ਸ਼ੁਕਰ ਨੇਰ੍ਹੀ ਦੀ
ਕਪਾਟੀਂ ਦਸਤਕ ਲੱਗੇ
ਰੁੱਖ ਦੀ ਸ਼ਾਂ ਸ਼ਾਂ
ਸ਼ੋਰ ਨਾ ਜਾਪੇ
ਝਰਨੇ ਦੀ ਆਵਾਜ਼
ਸਮਾਧੀ ਵਿੱਚ ਲੈ ਜਾਵੇ

ਪਿਆਰ ਦੇ ਛਿਣ ਵਿਚ
ਸੂਝ ਦੇ ਪਲ ਵਿਚ
ਸੁੰਦਰਤਾ ਵਿਚ
ਕਿਧਰੋਂ ਕੋਈ ਵਾਜ ਨਾ ਆਵੇ

ਸ਼ੋਰ ਪਵੇ ਤਾਂ
ਆਉਣ ਵਿਚਾਰ
ਅਣਚਾਹੇ ਅਣਲੋੜੇ
ਸਿਰ ਦੇ ਅੰਦਰ ਮਾਰਣ ਟੱਕਰਾਂ
ਅੰਦਰ ਆਏ ਕਿਧਰੋਂ
ਬਾਹਰ ਨਿਕਲਣ ਕਿਧਰੋਂ
ਸਿਰ ਨੂੰ ਕਿੱਥੇ ਮਾਰਾਂ
ਪਤਾ ਨਾ ਲੱਗੇ
ਚੜ੍ਹੇ ਦਿਹੁੰ ਵੀ ਨੇਰ੍ਹਾ ਹੋਇਆ
ਖੁਲ੍ਹੀਆਂ ਅੱਖਾਂ ਅੰਨ੍ਹੀਆਂ
ਚੁੱਪ ਜੀਭਾ ਚੁੱਪ ਹੋਠ
ਪਿੱਛੇ ਨੇਰ੍ਹੀ ਚੜ੍ਹਦੀ ਆਵੇ
ਕੀ ਫ਼ੜਾਂ ਕੀ ਕਰਾਂ
ਕੀ ਆਖਾਂ ਕਿੱਥੇ ਜਾਵਾਂ
ਸਮਝ ਨਾ ਆਵੇ
ਸ਼ੋਰ ਆਵੇ
ਬਸ ਸ਼ੋਰ ਹੀ ਆਵੇ ...

# ਆਪੋ ਧਾਪੀ

ਕੋਈ ਵੇਲਾ ਸੀ
ਅਸੀਂ ਰੱਬ ਵਿਚ ਵਿਸ਼ਵਾਸ ਜਤਾਇਆ
ਏਨਾ ਕਿ
ਸਭ ਓਸੇ ਤੇ ਛਡ ਦਿੱਤਾ ...
ਖੋਜ
ਕਰਮ
ਤੁਰਨਾ
ਲੜਣਾ
ਸਭ ਬੰਦ ਕਰ ਦਿੱਤਾ

ਹੁਣ ਵੇਲਾ ਹੈ
ਵਾਹੋ ਦਾਹੀ ਭੱਜ ਰਹੇ ਆਂ
ਜਿਵੇਂ ਸੇਕ ਲੱਗਣ ਤੋਂ ਪਹਿਲਾਂ
ਅੱਗ ਦੇ ਦਿੱਸਣ ਤੋਂ ਵੀ ਪਹਿਲਾਂ
ਸੁਣ ਲਈ ਹੈ
ਹਰ ਪਿੰਡ ਸ਼ਹਿਰ ਅੱਗ ਦੀ ਅਫ਼ਵਾਹ ...

ਕਿਧਰੇ ਪਹੁੰਚਣ ਲਈ ਨਹੀਂ ਭੱਜ ਰਹੇ
ਬਸ ਬਚਣ ਲਈ ਭੱਜ ਰਹੇ ਹਾਂ
ਕਿਥੇ ਜਾ ਬਚਾਅ ਹੋਵੇਗਾ
ਕਿਸ ਤੋਂ ਬਚਾਅ ਹੋਵੇਗਾ
ਸਾਨੂੰ ਨਹੀਂ ਪਤਾ ...
ਅਸੀਂ ਭੱਜ ਰਹੇ ਭੱਜ ਰਹੇ ਭੱਜ ਰਹੇ
ਅਗਲੇ ਬੰਦੇ ਮਗਰ ਮਗਰ ...

ਪੈਸਾ –
ਪਦਵੀ –
ਤਾਕਤ –
ਰੁਤਬਾ –
ਭੱਜਣ ਦੀਆਂ ਸਭ ਦਿਸ਼ਾਵਾਂ
ਆਖ਼ਰ ਇਕ ਪੜਾਅ ਤੇ ਆ ਕੇ
ਆਪੋ ਵਿਚ ਮਿਲ ਜਾਣੀਆਂ

ਡਿਗਦੇ ਹੋਏ ਲਿਤਾੜੇ ਜਾ ਰਹੇ
ਭੱਜਣ ਵਾਲੇ ਅੰਨ੍ਹਿਆਂ ਹੇਠਾਂ
ਭੱਜਦੇ ਹੋਏ ਲਿਤਾੜੇ ਜਾ ਰਹੇ
ਛਾਤੀ ਅੰਦਰ ਖੌਰੂ ਪਾਉਂਦੇ ਡਰ ਹੇਠਾਂ

ਆਉਂਦਾ ਵੇਲਾ ਚੰਗਾ ਹੋਸੀ
ਜੇ ਚੰਗਾ ਨਾ ਹੋਇਆ ਤਾਂ ਰੱਬ ਰਾਖੀ ਕਰਸੀ
ਜੇ ਰੱਬ ਕਿਧਰੇ ਨਹੀਂ ਤਾਂ ਅਸੀਂ
ਆਪ ਹਾਂ ਸਮਰੱਥ ਰੱਬ ਹੋਣ ਦੇ
ਸਾਨੂੰ ਐਸਾ ਕੋਈ ਵੀ ਵਿਸ਼ਵਾਸ ਨਹੀਂ ਹੁਣ ...

ਅੰਧ-ਵਿਸ਼ਵਾਸ ਨੂੰ ਛਡਣਾ ਸੀ
ਅਸੀਂ ਵਿਸ਼ਵਾਸ ਵੀ ਛਡ ਦਿੱਤਾ
ਰੱਬ ਨੂੰ ਛਡਣਾ ਚਾਹਿਆ
ਕੁਦਰਤ ਵੀ ਛਡ ਦਿਤੀ
ਕਰਮ-ਕਾਂਡ ਤਾਂ ਛਡੇ
ਕਰੁਣਾ ਵੀ ਛਡ ਦਿੱਤੀ

ਅਸੀਂ ਮਨੁੱਖ ਇੱਕੀਵੀਂ ਸਦੀ ਦੇ
ਡਟ ਕੇ ਕਾਰਣ ਮੰਗਦੇ ਹਾਂ ਵਿਸ਼ਵਾਸ ਲਈ
ਬੇਵਿਸਾਹੀ ਵਾਸਤੇ ਕਾਰਣ ਨਹੀਂ ਮੰਗਦੇ

ਅੰਨ੍ਹਾਂ ਸੀ ਵਿਸ਼ਵਾਸ ਅਸਾਡਾ ਕਿਸੇ ਸਮੇਂ...
ਅਜਕਲ੍ਹ ਸਾਡੀ ਬੇਵਿਸ਼ਵਾਸੀ ਅੰਨ੍ਹੀ ਹੈ ...

# ਡਰ

ਨੀਂਦਰ ਗੋਲੀ ਘੁੱਟ ਸ਼ਰਾਬ
ਕਾਮਦੇਵ ਦਾ ਅੰਨ੍ਹਾਂ ਵੇਗ
ਬੀਤ ਗਏ ਤੇ ਲੰਮੀ ਬਹਿਸ
ਘੰਟਿਆਂ ਬੱਧੀ ਤੱਕਿਆ ਟੀ ਵੀ
ਪਹਿਲਾ ਦੂਜਾ ਤੀਜਾ ਚੌਥਾ ਟੈਲੀਫ਼ੋਨ
ਮੇਰੇ ਡਰ ਦੇ ਕਿੰਨੇ ਰੂਪ ...

ਬਿਨਾ ਗੱਲ ਤੋਂ ਕਰਦਾਂ ਗੱਲ
ਬਿਨਾ ਪਤੇ ਤੋਂ ਲਿੱਖਾਂ ਚਿੱਠੀ
ਬਿਨ ਦਿਲਚਸਪੀ ਪੜ੍ਹਾਂ ਕਿਤਾਬ
ਸੋਚਣ ਬਾਝੋਂ ਆਉਣ ਵਿਚਾਰ
ਡਰ ਦੀ ਮਾਰ ...

ਪਰਦੇ ਵਿਚ ਲੁੱਕਿਆ ਡਰ ਝਾਕੇ
ਮੁੜ ਮੁੜ ਹਿਲਦੀ ਲੱਤ 'ਚੋਂ
ਉਂਗਲੀਂ ਪਾਏ ਪਟਾਕੇ
ਬੋਲੇ ਸੁਕਦੇ ਗਲ਼ 'ਚੋਂ

ਡਰ ਅੰਗਾਂ ਦੀ ਥਾਂ ਬਦਲਾਵੇ
ਆਏ ਪਸੀਨਾ ਕੰਨਾਂ ਪਿੱਛੇ
ਜੀਭਾ ਤਾਲੂ ਨਾਲ ਜਾ ਲੱਗੇ
ਦਿਲ ਦੀ ਧੜਕਣ ਪੁੜਪੁੜੀਆਂ ਵਿੱਚ
ਪੈਰ ਪਿਛਾਂਹ ਸਿਰ ਧਰਤੀ ਲੱਗੇ

ਡਰ ਚੀਜ਼ਾਂ ਉਲਟਾਅ ਦੇਵੇ
ਨੀਂਦਰ ਜਾਗਣ ਲਈ ਹੋ ਜਾਵੇ
ਹਾਸੇ ਵਿਚ ਤੰਦੂਰ ਤਪੀਵੇ
ਸਹਿਜ ਸੁਭਾਏ ਪੁੱਛੀ ਗੱਲ ਵੀ ਕੰਡਾ ਚੋਭੇ

ਕਦੀ ਕਦੀ ਡਰ ਬਾਹਰੋਂ ਦਿੱਸੇ
ਮੇਰੀ ਨਬਜ਼ ਵੇਖਦੇ ਡਾਕਟਰ ਦੀ ਚਿੰਤਾ ਚੋਂ
ਸੱਦ ਬੁਲਾਏ ਮਿੱਤਰਾਂ ਦੇ ਨਾ ਆਉਣ ਤੋਂ
ਬੱਚੇ ਦੇ ਡਰ
ਪਤਨੀ ਦੀ ਚੁੱਪ 'ਚੋਂ

ਡਰ ਕਿੰਨੇ ਹੀ ਕੰਮ ਕਰਾਵੇ
ਬਿਨਾ ਲੋੜ ਤੋਂ ਸੁੱਤੇ ਟੱਬਰ ਨੂੰ ਉਠਵਾਵੇ
ਰੱਦੀ ਬਿਲ ਤਰਤੀਬਵਾਰ ਰਖਣੇ ਸਮਝਾਵੇ
ਦੰਦੋੜਿਕੀ ਠੰਢ ਹੁੰਦਿਆਂ ਵੀ ਬਾਹਰ ਲਿਆਵੇ

ਡਰ ਦੇ ਜਾਦੂਗਰ ਦੀ ਕਾਲੀ ਟੋਪੀ
ਵਿਚ ਗੁਆਚੀ
ਹਾਲੇ ਤੱਕ ਅਣਖੁਲ੍ਹੀ ਚਿੱਠੀ
ਬਿੱਲ ਭਰਨ ਦੀ ਆਖਰੀ ਮਿਤੀ
ਅੱਖਾਂ ਉਦਾਲੇ ਕਾਲਾ ਘੇਰਾ
ਸੁੱਤੀ ਬੱਚੀ ਦੀ ਮੁਸਕਾਨ
ਉਤਰੀ ਰਾਤ 'ਚ ਲੁੱਕਿਆ ਚੈਨ
ਡਰ ਲੱਗੇ ਤਾਂ
ਰੁੱਖਾਂ ਉਤੋਂ ਫੁੱਲ ਗੁੰਮ ਜਾਂਦੇ
ਕਈ ਵਾਰੀ ਰੁੱਖ ਹੀ ਗੁੰਮ ਜਾਂਦੇ
ਵਿਦਾ ਨੂੰ ਉੱਠਿਆ ਹੱਥ ਨਾ ਦਿੱਸੇ
ਘਰ ਕੋਲ ਆ ਕੇ ਘਰ ਨਾ ਦਿੱਸੇ

ਡਰ ਦਾ ਵੱਡਾ ਢਿੱਡ ਖਾ ਜਾਵੇ
ਮੇਰੀ ਭੁੱਖ
ਚਾਂਭਲਿਆ ਆਵਾਰਾਪਣ
ਅੱਖ ਦੀ ਪੁਤਲੀ ਪਈ ਸ਼ਰਾਰਤ
ਗੁਸਲਖਾਨੇ ਵਿਚ ਗਾਉਂਦੀ ਵਾਜ

ਡਰ ਵੀ ਸ਼ਾਇਦ ਡਰਦਾ
ਮੁੜ ਮੁੜ ਥਾਂ ਬਦਲਦਾ
ਸੂਈ ਬਿੱਲੀ ਵਾਂਗਰ
ਬੱਚੇ ਘਰ ਘਰ ਛਡਦਾ

ਡਰ ਨੂੰ ਵੇਖ ਵੇਖ ਅੱਖ ਥੱਕੇ
ਡਰ ਦੀ ਅੱਖ ਵਿਚ ਸਿੱਧੀ ਤੱਕੇ
ਉਸ ਵੇਲੇ ਲੱਖ ਲੱਭਿਆਂ ਵੀ
ਡਰ ਕਿਤੇ ਨਾ ਦਿੱਸੇ
ਨਾ ਬਾਹਰ ... ਨਾ ਅੰਦਰ ...

# ਅਨਿਆਂ ਦੀ ਦਸਤਕ

ਰੋਜ਼ ਹੀ ਦਸਤਕ ਹੋਵੇ
ਨੇੜੇ ਤੇੜੇ ਦੂਰ ਦੁਰਾਡੇ ਵਾਪਰਦੇ ਅਨਿਆਂ ਦੀਆਂ
ਖਬਰਾਂ ਚੀਕਾਂ ਤੇ ਤਸਵੀਰਾਂ ਮੇਰਾ ਬੂਹਾ ਠੱਕ ਠਕੋਰਣ
ਓਨ੍ਹਾਂ ਪਿੱਛੇ ਹੌਂਕ ਰਿਹਾ ਅਨਿਆਂ ਖਲੋਤਾ ...

ਬਹੁਤੀ ਵਾਰੀ ਸੁੱਤਾ ਹੋਵਾਂ
ਰੋਟੀ ਖਾ ਸੁਸਤਾਉਂਦਾ ਹੋਵਾਂ
ਨਵੀਂ ਕਾਰ ਲਿਸ਼ਕਾਉਂਦਾ ਹੋਵਾਂ
ਜਾਂ ਬੱਚੇ ਨੂੰ ਨੇਕੀ ਬਦੀ ਦੀ ਕਥਾ ਸੁਣਾਉਂਦਾ
ਵਧੀਆ ਫ਼ਿਲਮ ਬਣੀ ਅਨਿਆਂ ਤੇ ਤੱਕਦਾ ਹੋਵਾਂ
ਮਿੱਤਰਾਂ ਨਾਲ ਅਨਿਆਂ ਦੀ ਬਹਿਸ 'ਚ ਰੁੱਝਿਆ ਹੋਵਾਂ

ਬਹੁਤੀ ਵਾਰੀ ਦਸਤਕ ਸੁਣੇ ਨਾ ਮੈਨੂੰ
ਸੁਣੇ ਤਾਂ ਅਣਸੁਣ ਕਰ ਦੇਵਾਂ

ਅਨਿਆਂ ਰੋਜ਼ ਹੀ ਦਸਤਕ ਦੇਂਦਾ ...

ਇਕ ਦਿਨ ਘਰ ਦੇ ਅੰਦਰ ਵੀ ਆ ਜਾਵੇਗਾ
ਬੂਹੇ ਭੰਨ ਕੇ ...
ਉਸ ਦਿਨ ਮੇਰੇ ਨਿਕਲਣ ਨੂੰ ਕੀ
ਮੇਰੀ ਚੀਕ ਦੇ ਨਿਕਲਣ ਨੂੰ ਵੀ ਰਾਹ ਨਹੀਂ ਹੋਣਾ

ਮੈਂ ਬੈਠਾ ਹਾਂ
ਏਸ ਉਮੀਦੇ ...
ਮੇਰੇ "ਨਾ ਬੋਲਿਆਂ" ਸ਼ਾਇਦ
ਉਹ ਮੇਰੇ ਘਰ ਨਾ ਈ ਆਵੇ
ਜਾਂ ਫਿਰ ਮੇਰੀ ਉਮਰਾ ਮੁੱਕਣ ਮਗਰੋਂ ਆਵੇ

ਪਰ ਜੇ ਉਮਰ ਦੇ ਅੰਤਮ ਪਲ ਵੀ
ਅਨਿਆਂ ਮੇਰੇ ਘਰ ਆ ਵੜਿਆ
ਓਹ ਪਲ
ਉਮਰਾਂ ਜਿੰਨਾ ਲੰਮਾ ਹੋ ਜਾਣਾ ...

# ਚੱਕਰ

ਚੱਕਰ ਵਿੱਚ ਘੁੰਮਦੇ   ਬੰਦੇ ਨੂੰ ਲੱਗੇ
ਹਰ ਕੋਈ ਉਸ ਤੋਂ ਅੱਗੇ

ਨਾ ਰਸਤਾ ਨਾ ਕੇਂਦਰ ਅਪਣਾ
ਘੁੰਮਣ ਵਾਲੇ ਕਿਤੇ ਨਾ ਪੁੱਜਣਾ
ਕੇਵਲ
ਅਗਲੇ ਬੰਦੇ ਨਾਲੋਂ ਅੱਗੇ ਹੋਣਾ

ਆਪਣਾ ਘੇਰਾ ਆਪਣਾ ਕੇਂਦਰ
ਮਿਲ ਵੀ ਜਾਵੇ - ਨਹੀਂ ਵਰਤਣਾ
ਨਹੀਂ ਤਾਂ ਕਿਵੇਂ ਤਸੱਲੀ ਮਿਲਣੀ ?
ਦੂਜੇ ਦੇ ਪਛੜਣ ਦੀ ...

ਏਨੀ ਭੱਜ ਦੌੜ ਮਗਰੋਂ ਵੀ
ਘੁੰਮਣ ਵਾਲਾ ਭਇਆ ਉਦਾਸ
ਹਰ ਬੰਦੇ ਤੋਂ ਅੱਗੇ ਨਿਕਲਣ ਮਗਰੋਂ
ਦਿੱਸੇ ਹੋਰ ਘੁਮੱਕੜ

ਘੁੰਮਣ ਵਾਲ਼ਾ
    ਥੱਕੇ ਟੁੱਟੇ
    ਅੱਗੇ ਵੇਖੇ
    ਪਿੱਛੇ ਵੇਖੇ
ਇਕ ਵਾਰ ਅੰਦਰ ਨਾ ਝਾਕੇ
ਨਾ ਹੀ ਪੁੱਛੇ

ਕਿਹੜਾ ਵੱਡਾ ਸਰੂਰ .... ?
'ਅੱਗੇ ਹੋਣਾ'
ਜਾਂ "ਹੋਣਾ"



# ਘੋੜਾ ਮਾਲਕ ਅਤੇ ਸਵਾਰ

ਮੇਰੇ ਵਿਹੜੇ
ਮੇਰੇ ਜਿਸਮ ਦਾ ਘੋੜਾ ਬੱਧਾ
ਮੈਂ ਹਾਂ ਮਾਲਕ ਇਸ ਦਾ ... ?

ਮਨ
ਵਿਗੜਿਆ ਪੁੱਤਰ
ਜਦ ਜੀਅ ਚਾਹੇ
ਅੰਦਰੋਂ ਨਿਕਲੇ ਕਾਠੀ ਪਾਵੇ
ਜਿੱਧਰ ਚਾਹੇ ਲੈ ਜਾਵੇ
ਜਿੰਨਾ ਚਾਹੇ ਓਨਾ ਓਨੀ ਦੇਰ ਭਜਾਵੇ
ਮੈਥੋਂ ਪੁੱਛੇ ਬਿਨ ...

ਮੈਂ ਖਲੋਤਾ ਬਾਰੀ ਕੋਲ
ਬੇਬਸ ਤੱਕਾਂ
ਪੂੰਝਾਂ
ਉਡਦੀ ਧੂੜ 'ਚ ਅੱਖਾਂ

ਮਨ ਮੌਜੀ ਜਦ ਚਾਹੇ
ਘਰ ਨੂੰ ਪਰਤੇ
ਕਰਨ ਲਈ ਬਿਸਰਾਮ

ਆਪਣਾ ਗੁੱਸਾ ਕੱਢਣ ਲਈ
ਫਟਕਾਰਾਂ ਨਾਲ
ਵੱਟ ਕਚੀਚੀ
ਕੰਬਦੇ ਹੱਥੀਂ
ਮੈਂ ਘੋੜੇ ਨੂੰ ਝੰਬਾਂ ...

ਬਾਰੀ ਕੋਲ ਖਲੋਤਾ ਮਨ
ਤਮਾਸ਼ਾ ਤੱਕੇ
ਅਗਲੀ ਵਾਰੀ ਕਿੱਥੇ ਜਾਣਾ
ਆਪਣੇ ਨਾਲ ਸਲਾਹ ਕਰੇ ...

# ਨਸ਼ਈ

ਮੈਂ ਕਵਿਤਾ
ਸੁਣਨੀ ਨਾ ਚਾਹਾਂ
ਨਾ ਮਾਣਨੀ
ਸਿਰਫ਼ ਸੁਣਾਉਨੀ ਚਾਹਾਂ ...

ਰੰਗਾਂ ਵਿਚ
ਖਿੜਣਾ ਨਾ ਚਾਹਾਂ
ਸਿਰਫ਼ ਨੁਮਾਇਸ਼ ਲਾਵਾਂ...

ਨੱਚਦਾ ਨੱਚਦਾ
ਨਾਚ ਨਾ ਹੋਵਾਂ
ਪਰਸੰਸਾ ਦੀ ਥਿਰਕਣ ਲੱਭਾਂ ...

ਪਤਨੀ ਨਾਲ਼
ਪ੍ਰੇਮ ਨਹੀਂ ਸੰਭੋਗ ਨਹੀਂ
ਮਰਦ ਹੋਣ ਦਾ ਸਾਂਗ ਰਚਾਂ ...

ਆਲ ਦੁਆਲੋਂ
ਧੂੱਪ ਸੁਗੰਧੀ ਛੋਹ ਨਹੀਂ
ਤਾੜੀ ਦੀ ਗੜਗੜ ਉਡੀਕਾਂ

ਨ੍ਹੇਰ ਸਵੇਰੇ ਕਲ੍ਹ ਦੁਕੱਲੇ
ਹਰ ਪਲ ਖੜਾ ਸਟੇਜ 'ਤੇ
ਮੈਂ ਦਰਸ਼ਕ ਅਤੇ ਸਰੋਤੇ ਲੱਭਾਂ
ਮੈਂ ਨਸ਼ਈ ...

# ਬੇਹੀ ਰੋਟੀ

ਸੰਭਾਲ ਦਿਤੀਆਂ ਨੇ ...

ਤਸਵੀਰਾਂ ਐਲਬਮਾਂ ਵਿਚ !
ਘਟਨਾਵਾਂ ਵੀਡੀਓ ਵਿਚ !
ਖ਼ਤ ਡੱਬਿਆਂ ਵਿਚ !
ਚੇਤੇ ਛਾਤੀ ਵਿਚ !

ਕਦੀ ਮੁੜ ਮਾਣਾਂਗੇ ਇਨ੍ਹਾਂ ਨੂੰ ...

ਯਕੀਨ ਨਹੀ
ਆਉਂਦੇ ਵੇਲੇ ਤੇ
ਕਿ ਉਹ ਵੀ ਚੰਗਾ ਹੋਏਗਾ ...
ਮਾਣਨ ਨੂੰ ਕੁਝ ਹੋਰ ਨਵਾਂ ਹੋਵੇਗਾ ...

ਅਸੀਂ ਓਸ ਬੰਦੇ ਜਿਹੇ
ਜਿਹੜਾ

ਆਦਰ ਵਜੋਂ ਨਹੀਂ
ਲੋੜ ਵਜੋਂ ਨਹੀਂ
ਭੁੱਖ ਵਜੋਂ ਨਹੀਂ

ਬਸ ਭੁੱਖ ਦੇ ਡਰੋਂ
ਹਰ ਬਚੀ ਰੋਟੀ
ਸਾਂਭ ਸਾਂਭ ਰਖਦਾ ...

# ਬੁਰਕੀ

ਪਹਿਲੀ ਬੁਰਕੀ ਮੂੰਹ ਵਿੱਚ ਪਾਵਾਂ
ਸੋਚਾਂ ਕਿਹੜਾ ਕੰਮ ਅਧੂਰਾ
ਦੂਜੀ ਬੁਰਕੀ ਵੇਖਾਂ ਪੈਰ
ਜੋ ਰਹਿ ਗਏ ਚਾਦਰ ਤੋਂ ਬਾਹਰ
ਤੀਜੀ ਬੁਰਕੀ ਲੱਭਾਂ ਭੁੱਲੇ ਰਾਹ
ਜਿਹੜੇ ਰਾਹ ਵਿਚ ਰਹਿ ਗਏ
ਚੌਥੀ ਬੁਰਕੀ ਚੇਤੇ ਆਵਣ ਮਿੱਤਰ ਪਿਆਰੇ
ਜੋ ਨਾ ਰਹੇ ਹੁਣ ਮਿੱਤਰ ਪਿਆਰੇ
ਪੰਜਵੀਂ ਬੁਰਕੀ ਸੁਬ੍ਹਾ ਪੜ੍ਹੀ
ਅਖਬਾਰ ਦੀ ਸੁਰਖੀ ਮੱਥੇ ਵੱਜਦੀ
ਛੇਵੀਂ ਬੁਰਕੀ ...
ਸੱਤਵੀਂ ਬੁਰਕੀ ...

ਅੰਤਲੀ ਬੁਰਕੀ ਹੱਥ ਵਿੱਚ ਆਵੇ
ਚਾਣਚੱਕ ਹੀ ਨੀਂਦਰ ਖੁਲ੍ਹੇ ...

ਹੁਣ ਤਈਂ ਖਾਧੀ ਕਿਸੇ ਵੀ ਬੁਰਕੀ
ਦਾ ਨਾ ਮੈਨੂੰ ਸੁਆਦ ਪਤਾ
ਵਰ੍ਹਿਆਂ ਬੱਧੀ ਕਿੰਨੀਆਂ ਬੁਰਕੀਆਂ ਮੇਰੇ ਹੱਥੋਂ
ਹੋਣ ਨਿਰਾਦਰ ਅਤੇ ਜ਼ਿਬਾਹ ...

ਆਖਰੀ ਬੁਰਕੀ ਹੌਲੀ ਹੌਲੀ ਮੂੰਹ ਵਿੱਚ ਘੋਲਾਂ
ਰੋਟੀ ਮਿੱਠੀ ਮਿੱਠੀ ਲੱਗੇ
ਹੋਰ ਖਾਣ ਨੂੰ ਚਿੱਤ ਕਰੇ
ਪਰ ...
ਉਮਰ ਦੀ ਰੋਟੀ ਮੁੱਕ ਚੱਲੀ
ਅੱਧੀ ਇੱਕ ਅਖੀਰੀ ਬੁਰਕੀ ਹੱਥੀਂ ਰਹਿ ਗਈ

ਚੰਗਾ ਹੁੰਦਾ ਮੈਨੂੰ ਇੱਕੋ ਇੱਕ
ਅਖੀਰੀ ਬੁਰਕੀ ਮਿਲਦੀ
ਬਾਕੀ ਸਭ ਉਨ੍ਹਾਂ ਨੂੰ
ਜੋ ਬਿਨ-ਬੁਰਕੀ ਰਹਿ ਗਏ ...

# ਅਜਬ ਲੋਕ

ਅਸੀਂ – ਜਿੰਨ੍ਹਾਂ ਦੇ
ਪਾਟੇ ਕਪੜੇ ਰੰਗੇ ਮੂੰਹ ਤੇ ਉਲਝੇ ਵਾਲ਼
ਪਿੰਠਾਂ ਮੋਢੇ ਬਾਹਾਂ ਉਤੇ ਚਿੱਤਰ ਉੱਕਰੇ
ਕਦੇ ਇਕੱਲੇ ਕਦੇ ਭੀੜ ਵਿਚ ਉੱਚੀ ਉੱਚੀ ਹਸਦੇ
ਬੇਮਕਸਦ ਬੇਘਰ ਬੇਮੰਜ਼ਲ ਤੇ ਬੇਸਮਝੇ
ਬੰਦਿਆਂ ਵਰਗੇ ਹੁੰਦੇ ਵੀ ਬੰਦੇ ਨਾ ਲਗਦੇ ...

ਜਦੋਂ ਘਰਾਂ 'ਚੋਂ ਲੱਭੀ ਨਹੀਂ ਪਛਾਣ ਆਪਣੀ
ਨਿਕਲ ਪਏ ਉਸ ਇੱਟ ਦੀ ਭਾਲ਼
ਜਿਸ ਵਿਚ ਆਪਣੀ ਨੀਂਹ ਧਰ ਸਕੀਏ
ਓਸ ਇੱਟ ਦੇ ਲੱਭਣ ਤੀਕ
ਅਸਲ ਪਛਾਣ ਦੇ ਲੱਭਣ ਤੀਕ
ਹੁਣ ਵਾਲੀ ਪਹਿਚਾਨ ਅਸਾਂ ਘੜ ਰੱਖੀ ਹੈ ...

ਜੇ ਚਾਹੋ ਤਾਂ ਸਾਡੇ ਕੰਨਾਂ ਨੱਕਾਂ ਹੋਠਾਂ ਪਈਆਂ
ਨੱਥਾਂ ਮੁੰਦਰਾਂ ਗਿਣ ਲਓ ...

ਜੇ ਚਾਹੋ ਤਾਂ ਸਾਡੇ ਵਿਚੋਂ
ਉਹ ਸਿਰਫਿਰਿਆ, ਖੋਜੀ ਤੇ ਬੇਚੈਨ ਮੁਸਾਫ਼ਰ
ਲੱਭ ਲਉ ਜਿਹੜਾ
ਤੁਹਾਡੇ ਵਸਦੇ ਰਸਦੇ ਘਰ ਵਿਚ
ਤੁਹਾਡੇ ਹਸਦੇ ਚਿਹਰੇ ਪਿੱਛੇ
ਕੈਦ ਅਜੇ ਵੀ ...
'ਚੰਗਾ' 'ਠੀਕ' ਤੇ 'ਸਭਿਅਤ' ਹੋ ਹੋ ਥੱਕਾ ਟੁੱਟਾ
ਅੱਧੀ ਰਾਤੀਂ ਉੱਠ ਉੱਠ ਕੇ ਹਟਕੋਰੇ ਲੈਂਦਾ
ਨੇਰ੍ਹੇ ਚਿੱਤਰ ਉੱਕਰਦਾ
ਕਪੜੇ ਪਾੜ ਚੀਕਣਾ ਚਾਹੁੰਦਾ
ਆਪਣੇ ਆਪ ਨੂੰ ਮੁੱਢੋਂ ਸੁੱਢੋਂ ਲੱਭਣਾ ਚਾਹੁੰਦਾ
ਰੜ੍ਹਿਆਂ ਰੇਗਿਸਤਾਨਾਂ ਅੰਦਰ ਗੁੰਮਣਾ ਚਾਹੁੰਦਾ
ਕਮਲਾ ਪਾਗਲ ਬੇਮਕਸਦ ਬੇਮੰਜ਼ਲ ਹੋ ਕੇ ਜੀਣਾ ਚਾਹੁੰਦਾ ...

## ਬਲੈਕ ਨੀਗਰੋ ਨਿੱਗਰ ਕਾਲਾ

Black ਸ਼ਬਦ ਦਾ ਮੂਲ ਸ੍ਰੋਤ ਭਾਰਤੀ-ਯੂਰਪੀ ਹੈ। ਪੱਛਮੀ ਭਾਸ਼ਾਵਾਂ ਵਿਚ ਇਹਦਾ ਮੁਢਲਾ ਰੂਪ Bhleg ਸੀ ਜਿਸਦਾ ਅਰਥ ਹੈ : 'ਸਾੜ ਕੇ ਧੂੰਏਂ ਵਰਗਾ ਕਾਲਾ ਕਰਨਾ, ਜਾਂ ਧੂੰਏਂ ਨਾਲ ਸਾੜ ਕੇ ਕਾਲਾ ਕਰਨਾ'। ਪੁਰਾਣੀ ਜਰਮਨ ਵਿਚ ਏਹਦਾ ਰੂਪ Blah ਅਤੇ ਫ਼ਰੈਂਚ ਵਿਚ Black ਸੀ। ਸੋਲ੍ਹਵੀਂ ਸਦੀ ਦੀ ਆਰੰਭਿਕ ਅੰਗਰੇਜ਼ੀ ਵਿਚ ਏਹਦਾ ਅਰਥ ਵਿਗਿਆਨਕ ਤੌਰ ਤੇ ਪਰਿਭਾਸ਼ਤ ਮਿਲਦਾ ਹੈ : 'ਉਹ ਰੰਗ ਜੋ ਪਦਾਰਥ ਵੱਲੋਂ ਰੌਸ਼ਨੀ ਨੂੰ ਪੂਰਾ ਸੋਖਣ ਤੇ ਦਿਸੇ'।

ਸੋਲ੍ਹਵੀਂ ਸਦੀ ਵਿਚ ਹੀ Black ਸ਼ਬਦ ਨੂੰ ਨਾਂਹ-ਵਾਚੀ ਅਰਥ ਦਿੱਤੇ ਗਏ, ਜਿਵੇਂ : To Stain Black ਦਾ ਅਰਥ ਹੋਇਆ : 'ਬਦਨਾਮੀ ਕਰਨਾ'। ਕਿਸੇ ਦੁਸ਼ਮਣ ਨੂੰ Black Enemy ਅਤੇ ਕਿਸੇ ਬਿਮਾਰੀ ਨੂੰ Black Death ਜਾਂ Black Curse (1583 ਈ. ਵਿਚ) ਕਿਹਾ ਗਿਆ। Black Looking Man ਦਾ ਅਰਥ ਬੁਰਾ ਜਾਂ ਭੈੜੀ ਨੀਤ ਵਾਲਾ ਬੰਦਾ ਹੋ ਗਿਆ, ਚਾਹੇ ਉਹਦੀ ਚਮੜੀ ਦਾ ਰੰਗ ਕੋਈ ਹੋਵੇ। ਏਨ੍ਹਾਂ ਵੇਲਿਆਂ ਵਿਚ ਹੀ ਨੌਕਰਾਂ ਨੂੰ Blackboy ਅਤੇ ਆਸਟ੍ਰੇਲੀਆ ਦੇ ਮੂਲ ਨਿਵਾਸੀਆਂ (ਇੰਡੀਅਨਜ਼) ਨੂੰ ਹਿਕਾਰਤ ਨਾਲ Blackfellows ਕਿਹਾ ਗਿਆ।

ਵੀਹਵੀਂ ਸਦੀ ਦੇ ਅੱਧ ਲਾਗੇ ਇਹ ਸ਼ਬਦ 'ਗਲਤੀ' ਵਾਸਤੇ ਵੀ ਵਰਤਿਆ ਗਿਆ। ਹਿੰਦੀ ਤੇ ਪੰਜਾਬੀ ਵਿਚ ਵੀ 'ਕਾਲੇ' ਸ਼ਬਦ ਦਾ ਅਰਥ ਬਹੁਤ ਵਾਰ ਨਾਂਹ-ਪੱਖੀ ਹੈ : ਦਾਲ 'ਚ ਕਾਲਾ, ਕਾਲੀ ਜੀਭ, ਮੂੰਹ ਕਾਲਾ ਕਰਨਾ। ਵੀਹਵੀਂ ਸਦੀ ਦੇ ਅੱਧ ਤਕ ਅਫ਼ਰੀਕੀ ਮੂਲ ਦੇ ਲੋਕ ਵੀ ਗੋਰਿਆਂ ਵਲੋਂ 'ਕਾਲਾ' ਸੱਦੇ ਜਾਣਾ ਹੇਠੀ ਵਿਤਕਰਾ ਜਾਂ ਨਿਰਾਦਰ ਸਮਝਦੇ।

'ਨੀਗਰੋ' ਨਾਮੀ ਤਿੰਨ ਲੰਮੀਆਂ ਨਦੀਆਂ : ਬ੍ਰਾਜ਼ੀਲ (1400 ਮੀਲ), ਅਰਜਨਤੀਨਾ (700 ਮੀਲ), ਅਤੇ ਉਰੂਗੁਏ (500 ਮੀਲ) ਵਿਚ ਵਗਦੀਆਂ ਹਨ। ਇਹੋ ਸ਼ਬਦ ਨਾਈਜੀਰੀਆ ਮੁਲਕ ਦੇ ਨਾਉਂ ਦਾ ਮੂਲ ਹੈ।

ਮਿਸਰੀ ਅਤੇ ਨਾਈਜਰ-ਕਾਂਗੋ ਅਫ਼ਰੀਕੀ ਭਾਸ਼ਾਵਾਂ ਦੇ ਕਈ ਆਦਰਯੋਗ ਸ਼ਬਦ N ਨਾਲ ਆਰੰਭ ਹੁੰਦੇ ਹਨ (ਜਿਵੇਂ : Nile ਨਦੀ)। ਕੁਝ ਵਿਦਵਾਨਾਂ ਦਾ ਖਿਆਲ ਹੈ Negro ਸ਼ਬਦ ਦਾ ਮੁਢਲਾ ਰੂਪ ਸ਼ਾਇਦ 'n-g-r' ਹੈ ਜਿਹੜਾ ਮਿਸਰੀ ਲੋਕਾਂ 'ਰੱਬ' ਵਾਸਤੇ ਵਰਤਿਆ। ਉਨ੍ਹਾਂ ਦੇ ਕੁਦਰਤ ਵਾਸਤੇ ਵਰਤੇ ਸ਼ਬਦ 'ntyr' ਦਾ ਉਚਾਰਣ 'ਨਿਜਰ' ਹੈ ਜਿਹੜਾ 'ਨੀਗਰੋ' ਸ਼ਬਦ ਵਰਗਾ ਹੈ। ਪੁਰਾਣੀ ਮਿਸਰੀ ਭਾਸ਼ਾ ਵਿਚ ਅੰਗਰੇਜ਼ੀ ਸ੍ਵਰ (a, e, i, o, u) ਨਹੀਂ ਸਨ ਵਰਤੇ ਜਾਂਦੇ । ਏਨ੍ਹਾਂ ਵਿਦਵਾਨਾਂ ਮੁਤਾਬਕ ਲਾਤੀਨੀ ਭਾਸ਼ਾ ਜਾਣਦੇ ਰੋਮਨਾਂ ਜਦੋਂ ਪਹਿਲੀ ਸਦੀ ਵਿਚ ਅਫ਼ਰੀਕੀ ਮੁਲਕ ਇਥੋਪੀਆ ਤੇ ਹਮਲਾ ਕੀਤਾ ਤਾਂ Niger ਸ਼ਬਦ ਹੋਂਦ ਵਿਚ ਆਇਆ।

ਹੋਰ ਲੋਕਾਂ ਮੁਤਾਬਕ Negro ਸ਼ਬਦ ਸੰਨ 1545-55 ਲਾਗੇ ਉਪਜਿਆ। ਪੁਰਤਗੇਜ਼ੀ ਲੋਕ ਹਿੰਦੁਸਤਾਨ ਆਉਣ ਲਈ ਸਮੁੰਦਰੀ ਰਾਹ ਲਭਦੇ ਪਹਿਲੀ ਵਾਰੀ ਸੰਨ 1442 ਈ. ਵਿਚ ਦੱਖਣੀ ਸਹਾਰਾ ਦੇ ਰੇਗਿਸਤਾਨੀ ਇਲਾਕਿਆਂ ਵਿਚ ਗਏ। ਉਨ੍ਹਾਂ Negro ਸ਼ਬਦ ਸਹਾਰਨ ਮੂਲ ਦੇ ਜੰਮਪਲ ਲੋਕਾਂ ਲਈ ਵਰਤਿਆ। ਸਮਾਂ ਪਾ ਇਹ ਅਫ਼ਰੀਕੀ ਮੂਲ ਦੇ ਸਾਰੇ ਲੋਕਾਂ ਲਈ ਵਰਤਿਆ ਜਾਣ ਲੱਗਾ ਜਿੰਨ੍ਹਾਂ ਦੀ ਚਮੜੀ ਕਾਲੀ, ਅੱਖਾਂ ਗਹਿਰੀਆਂ ਤੇ ਵਾਲ ਮੋਟੇ ਘੁੰਗਰਾਲੇ ਸਨ।

ਲਾਤੀਨੀ ਵਿਚ 'ਨਾਈਗ੍ਰਮ' (Nigrum) ਸ਼ਬਦ ਦਾ ਅਰਥ ਹੈ : ਕਾਲੇ ਰੰਗਾ। Nero (ਇਟੈਲੀਅਨ), Negre (ਫ਼ਰੈਂਚ), Neger (ਡੱਚ, ਜਰਮਨ, ਸਵੀਡਿਸ਼, ਹੰਗੇਰੀਅਨ), Negro (ਸਪੇਨੀ, ਪੁਰਤਗੇਜ਼ੀ), ਅਤੇ Negeris (ਲਾਟਵੀਅਨ) ਸ਼ਬਦਾਂ ਦਾ ਸਾਂਝਾ ਅਰਥ 'ਕਾਲਾ' ਹੀ ਹੈ।ਆਪਣੇ ਮੂਲ ਦੀ ਭਾਸ਼ਾ ਲਾਤੀਨੀ ਤੋਂ ਇਹ ਸ਼ਬਦ ਸਪੇਨੀ ਅਤੇ ਪੁਰਤਗੇਜ਼ੀ ਵਿਚੋਂ ਲੰਘਦਾ ਅੰਗਰੇਜ਼ੀ ਵਿਚ ਆਇਆ। ਨੀਗਰੋ ਦਾ ਇਸਤ੍ਰੀ ਸ਼ਬਦ 'Negress' ਸੰਨ 1786 ਵਿਚ ਫ਼ਰੈਂਚ ਭਾਸ਼ਾ ਰਾਹੀਂ ਆਇਆ। 'Negroid' ਸ਼ਬਦ ਸੰਨ 1859 ਲਾਗੇ ਵਰਤਿਆ ਗਿਆ ਜਿਸਦਾ ਅਰਥ ਹੈ : 'ਨੀਗਰੋ ਵਰਗਾ'।

ਵੀਹਵੀਂ ਸਦੀ ਦੇ ਆਰੰਭ ਦੌਰਾਨ ਵਲੈਤੀ ਗੋਰਿਆਂ ਨੇ ਏਸ਼ੀਅਨ ਲੋਕਾਂ ਨੂੰ ਵੀ Negro ਕਹਿਣਾ ਸ਼ੁਰੂ ਕਰ ਦਿੱਤਾ।

ਏਸ਼ੀਅਨ ਲੋਕਾਂ ਨੂੰ 'ਕਾਲਾ' ਕਹਾਉਣਾ ਹੇਠੀ ਜਾਪਿਆ; ਵਿਰੋਧਤਾ ਹੋਣ ਤੇ ਸਭ ਗੈਰ-ਗੋਰਿਆਂ ਨੂੰ ਲੋਕ 'Coloured' ਕਹਿਣ ਲਗ ਪਏ। ਏਹ ਅੱਜ ਵੀ ਪ੍ਰਚੱਲਤ ਅਤੇ "ਠੀਕ" ਸ਼ਬਦ ਗਿਣਿਆ ਜਾਂਦਾ ਹੈ।

ਐਲਵਿਸ ਕੋਸਟੈਲੋ ਨੇ ਬਰਤਾਨਵੀ ਫ਼ੌਜ ਵੱਲੋਂ ਉੱਤਰੀ ਆਇਰਲੈਂਡ ਦੇ ਜੁਆਨ ਗੋਰੇ ਮੁੰਡਿਆਂ ਨੂੰ ਚੁਣ ਚੁਣ ਮਾਰਣ ਦੀ ਨਿੰਦਾ ਕਰਦਿਆਂ 1981 ਵਿਚ ਲਿਖੇ ਗਾਏ ਆਪਣੇ ਗੀਤ 'ਓਲੀਵਰ'ਜ਼ ਆਰਮੀ' ਵਿਚ 'White Nigger' ਸ਼ਬਦ ਵਰਤਿਆ : "ਖੁਸ਼ੀ ਖੁਸ਼ੀ ਕੋਈ ਘੋੜਾ ਦੱਬੇ, ਹੋਰ ਇਕ ਜਣੀ ਵਿਧਵਾ ਹੋ ਜੇ, ਹੋਰ ਇਕ ਚਿੱਟਾ ਨਿੱਗਰ ਘਟ ਜੇ"। ਜੌਹਨ ਲੈਨਨ ਨੇ ਔਰਤਾਂ ਦੀ ਦਸ਼ਾ ਬਿਆਨਦਿਆਂ ਆਪਣੇ ਗੀਤ ਵਿਚ ਕਿਹਾ : "Woman is the nigger of world". ਵੀਹਵੀਂ ਸਦੀ ਦੇ ਆਰੰਭ ਤੱਕ Nigger ਸ਼ਬਦ ਦਾ ਅਰਥ 'ਨੁਕਸ' ਵੀ ਸੀ। As Black as Nigger ਆਖਣਾ ਸਧਾਰਣ ਗੱਲ ਸੀ। ਚੀਨ ਵਿਚ ਅੱਜ ਵੀ ਗਾੜ੍ਹੇ ਭੂਰੇ ਰੰਗ ਨੂੰ Nigger Brown ਕਹਿੰਦੇ ਹਨ।

ਸੰਨ 1619 ਲਾਗੇ ਅਮਰੀਕਾ ਵਿਚ Negars ਅਤੇ Neger ਸ਼ਬਦ ਕਾਲੇ ਗੁਲਾਮਾਂ ਲਈ ਵਰਤੇ ਗਏ। ਸੰਨ 1930 ਦੀ 'ਨਿਊਯਾਰਕ ਟਾਈਮ ਸਟਾਈਲ ਬੁੱਕ' ਵਿੱਚ Negro ਸ਼ਬਦ ਜਦੋਂ ਵੱਡੇ N ਨਾਲ ਲਿਖਿਆ ਗਿਆ ਤਾਂ ਇਹਦੇ ਅਰਥ 'ਕਾਲੀ ਨਸਲ' ਹੀ ਸਨ। ਇਹ ਸ਼ਬਦ ਸਿਰਫ਼ ਨਾਂਵ ਸਨ, ਇੰਨ੍ਹਾਂ ਦਾ ਮਾੜਾ ਅਰਥ ਨਾ ਸੀ। ਚਾਰਲਸ ਡਿਕਨਜ਼ ਅਤੇ ਮਾਰਕ ਟਵੇਨ ਹੁਰਾਂ ਆਪਣੀਆਂ ਕਿਤਾਬਾਂ ਵਿਚ ਅਜਿਹੇ ਸ਼ਬਦ ਸਹਿਜ ਹੀ ਵਰਤੇ। ਜੋਜ਼ਫ਼ ਕੋਨਰਾਡ ਨੇ 1897 ਵਿਚ The Nigger of Narcissus ਕਿਤਾਬ ਲਿਖੀ। ਕਾਰਲ ਵਾਨ ਵੈਕਟਨ ਦੇ ਨਾਵਲ Nigger Heaven (1926) ਦਾ ਤਕੜਾ ਚਰਚਾ ਅਤੇ ਵਿਰੋਧ ਹੋਇਆ। ਕਾਲੀ ਕੁੜੀ ਹੈਲਨ ਜੈਕਸਨ ਲੀਅ ਨੇ ਆਪਣੇ ਤਜਰਬੇ Nigger in the Window ਕਿਤਾਬ ਵਿਚ ਲਿਖੇ। ਅਗਾਥਾ ਕ੍ਰਿਸਟੀ ਦੀ ਕਿਤਾਬ And Then There Were None ਦਾ ਪਹਿਲਾ ਅਤੇ ਅਸਲ ਨਾਮ Ten Little Niggers ਸੀ।

ਬ੍ਰਾਜ਼ੀਲ ਵਿਚ Negro ਸ਼ਬਦ ਹਾਲੇ ਵੀ ਕਾਲੇ ਲੋਕਾਂ ਲਈ ਸਤਿਕਾਰ ਸਹਿਤ ਵਰਤਿਆ ਜਾਂਦਾ ਹੈ। ਸਪੇਨੀ ਬੋਲਦੇ ਮੁਲਕਾਂ (ਅਰਜਨਤੀਨਾ, ਚਿੱਲੀ, ਉਰੂਗੁਏ) ਵਿਚ ਇਹਦਾ ਅਰਥ 'ਸਾਥੀ' ਜਾਂ 'ਨਜ਼ਦੀਕੀ ਮਿੱਤਰ' ਹੈ। ਅਰਜਨਤੀਨੀ ਗਾਇਕ ਮਰਸਿਡੀਜ਼ ਸੋਸਾ ਦੇ ਕਾਲੇ ਘੁੰਗਰਾਲੇ ਵਾਲਾਂ ਕਰਕੇ ਉਹਨੂੰ ਪਿਆਰ ਨਾਲ La Negra ਕਹਿੰਦੇ ਹਨ।

'ਵੀਹਵੀਂ ਸਦੀ ਦਾ ਖਿਡਾਰੀ' ਹੋਣ ਜਿਹਾ ਮਾਣ ਹਾਸਲ ਕਰਨ ਵਾਲੇ ਕਾਲੇ ਅਮਰੀਕੀ ਮੁੱਕੇਬਾਜ਼ ਮੁਹੰਮਦ ਅਲੀ ਨੇ 1960 ਵਿਚ ਮਿਲਿਆ ਉਲੰਪਿਕ ਸੋਨ ਤਮਗਾ ਓਹਾਇਓ ਨਦੀ ਵਿਚ ਓਦੋਂ ਵਹਾਅ ਦਿੱਤਾ ਜਦ ਉਹਨੂੰ ਚਿੱਟੇ ਰੇਸਤੋਰਾਂ ਵਿਚ ਦਾਖਲ ਹੋਣੋਂ ਮਨ੍ਹਾ ਕੀਤਾ ਗਿਆ। ਸੰਨ 1966 ਵਿਚ ਜਦ ਉਹਨੂੰ ਅਮਰੀਕੀ ਕਾਨੂੰਨ ਮੁਤਾਬਕ ਵੀਅਤਨਾਮ ਵਿਚ ਫ਼ੌਜੀ ਡਿਊਟੀ ਕਰਨ ਦਾ ਹੁਕਮ ਹੋਇਆ ਤਾਂ ਉਹਨੇ ਬਗਾਵਤ ਕਰਦਿਆਂ ਇਹ ਪ੍ਰਸਿੱਧ ਸ਼ਬਦ ਕਹੇ : "ਕਿਸੇ ਵੀਅਤਨਾਮੀ ਨੇ ਮੈਨੂੰ ਕਦੇ Nigger ਨਹੀਂ ਆਖਿਆ। ਮੈਂ ਵੀਅਤਨਾਮੀਆਂ ਵਿਰੁੱਧ ਲੜਨੋਂ ਇਨਕਾਰ ਕਰਦਾ ਹਾਂ।"

ਅਬਰਾਹਮ ਲਿੰਕਨ ਦੇ ਜਤਨਾਂ ਨਾਲ ਅਮਰੀਕਾ ਵਿਚੋਂ ਗੁਲਾਮੀ ਸਰਕਾਰੀ ਤੌਰ ਤੇ 1860-65 ਦੌਰਾਨ ਮੁੱਕ ਗਈ, ਪਰ ਕਾਲੇ ਲੋਕ ਹੇਠਲੇ ਦਰਜੇ ਦੇ ਨਾਗਰਿਕ ਹੀ ਰਹੇ। 'ਸਿਵਲ ਰਾਈਟਸ ਲਹਿਰ' ਦਾ ਮੁੱਢ 1896 ਮਗਰੋਂ ਬੱਝ ਗਿਆ। ਸੰਨ 1955 ਤੋਂ 1968 ਵੇਲੇ ਕਾਲੇ ਲੋਕਾਂ ਨੇ ਗੋਰਿਆਂ ਬਰਾਬਰ ਹੱਕ ਲੈਣ ਲਈ ਮਾਰਟਿਨ ਲੂਥਰ ਕਿੰਗ ਦੀ ਅਗਵਾਈ ਵਿਚ ਤਕੜੀ ਸਿਵਲ ਨਾਫ਼ਰਮਾਨੀ ਲਹਿਰ ਛੇੜੀ। **ਓਸ ਵੇਲੇ ਪਹਿਲੀ ਵਾਰ ਨਸਲਵਾਦੀਆਂ ਨੇ 'ਨੀਗਰੋ' ਅਤੇ 'ਨਿੱਗਰ' ਸ਼ਬਦ ਗਾਲ੍ਹ ਵਜੋਂ ਵਰਤਣੇ ਸ਼ੁਰੂ ਕੀਤੇ ਤਾਂ ਕਾਲੇ ਲੋਕਾਂ ਮੰਗ ਕੀਤੀ ਉਨ੍ਹਾਂ ਨੂੰ Blacks ਆਖਿਆ ਜਾਵੇ।** "Black is Beautiful" ਕਹਾਵਤ ਮਾਰਟਿਨ ਲੂਥਰ ਕਿੰਗ ਨੇ ਹੀ ਪ੍ਰਚੱਲਤ ਕੀਤੀ। ਉਸ ਵੇਲੇ ਤੋਂ ਉੱਤਰੀ ਅਮਰੀਕਾ ਵਿਚ ਕਾਲੇ ਲੋਕਾਂ ਲਈ 'ਬਲੈਕ' ਸ਼ਬਦ ਆਦਰਯੋਗ ਅਤੇ "ਨੀਗਰੋ" ਸ਼ਬਦ ਨਿੰਦਣਯੋਗ ਮੰਨਿਆ ਜਾਂਦਾ ਹੈ। **(ਇਹ ਗੱਲ ਇਸ ਕਵਿਤਾ ਦਾ ਆਧਾਰ ਹੈ)**

ਸ਼ਬਦਾਂ ਦੇ ਅਰਥ ਸਮੇਂ-ਸਥਾਨ-ਸਥਿਤੀ ਨਾਲ ਬਦਲਦੇ ਰਹਿੰਦੇ ਹਨ। ਪੰਜਾਬੋਂ ਛਪਦੀਆਂ ਅਖਬਾਰਾਂ ਵਿਚ ਪਾਕਿਸਤਾਨ ਨਾਲ ਸਬੰਧਤ ਕਿਸੇ ਵੀ ਗੱਲ ਨੂੰ ਦਰਸਾਉਣ ਲਈ ਸਹਿਜੇ ਵਰਤਿਆ ਸ਼ਬਦ ... 'ਪਾਕੀ' ... ਅੱਜ ਕਲ੍ਹ ਇੰਗਲੈਂਡ ਅਮਰੀਕਾ ਕਨੇਡਾ ਦੇ ਗੋਰੇ ਛੋਕਰਿਆਂ ਵੱਲੋਂ ਏਸ਼ਿਆਈ ਲੋਕਾਂ ਨੂੰ ਗਾਲ੍ਹ ਵਜੋਂ ਵਰਤਿਆ ਜਾਂਦਾ ਹੈ। ਜੋ ਅਰਥ ਅਜਕਲ੍ਹ ਅਮਰੀਕਾ ਵਿਚ 'ਨੀਗਰੋ' ਸ਼ਬਦ ਦਾ ਹੈ, ਉਹੀ ਸਾਡੀ ਭਾਸ਼ਾ ਵਿਚ 'ਚੂਹੜੇ' ਜਾਂ 'ਚਮਾਰ' ਦਾ ਹੈ। ਕਿਸੇ ਸਮੇਂ ਇਹ ਖਾਸ ਕਿੱਤਿਆਂ ਨਾਲ ਜੁੜੇ ਲੋਕਾਂ ਲਈ ਸ਼ਬਦ ਸਨ; ਅੱਜ ਅਪਮਾਨਜਨਕ ਹਨ। ਕਨੇਡਾ ਅਮਰੀਕਾ ਰਹਿੰਦੇ ਕਈ ਸਾਂਵਲੇ ਏਸ਼ੀਅਨ ਬੰਦੇ ਕਾਲੇ ਲੋਕਾਂ ਨੂੰ ਆਪਣੇ ਅੰਦਰਲੀ ਨਫ਼ਰਤ ਸਦਕਾ ਨਿਜੀ ਭਾਸ਼ਾ ਵਿਚ 'ਚੂਹੜੇ' ਜਾਂ 'ਚਮਾਰ' ਸਮਝਦੇ ਹਨ। ਉਨ੍ਹਾਂ ਦੀ ਕੁੜੀ ਗੋਰੇ ਨਾਲ ਵਿਆਹ ਕਰ ਲਵੇ ਤਾਂ ਔਖੇ ਸੌਖੇ ਜਰ ਲੈਂਦੇ ਹਨ, ਖੁਸ਼ ਵੀ ਹੁੰਦੇ ਹਨ, ਪਰ ਕਾਲੇ ਬੰਦੇ ਨਾਲ ਵਿਆਹ ਕਰੇ ਤਾਂ ਡੁੱਬ ਮਰਨਾ ਸਮਝਦੇ ਹਨ। ਸਾਡੇ ਅੰਦਰ ਸਦੀਆਂ ਤੋਂ ਵੱਸਿਆ ਵਿਤਕਰਾ ਅਤੇ ਗੋਰੇ ਦੀ ਗੁਲਾਮੀ ਨਾਲ ਆਉਂਦੇ ਹਨ। ਅਸੀਂ ਭੁੱਲ ਜਾਂਦੇ ਹਾਂ ਕਿ ਗੋਰੀ ਅੱਖ ਲਈ ... ਕਾਲਾ ਭੂਰਾ ਜਾਂ ਸਾਂਵਲਾ ... ਸਭੋ ਰੰਗ Colored ਹੀ ਹਨ। ਕਈ ਹਜ਼ਾਰ ਗੋਰੇ ਹਨ ਜਿੰਨ੍ਹਾਂ ਦੀ ਅੱਖ ਅਜਿਹੀ ਨਹੀਂ, ਤੇ ਕਈ ਲੱਖ ਅਸੀਂ ਹਾਂ ਜੋ ਇਹ ਦੂਰ-ਦ੍ਰਿਸ਼ਟੀ ਲਈ ਫ਼ਿਰਦੇ ਹਾਂ।


'ਨੀਗਰੋ' ਸ਼ਬਦ ਦੇ ਜਨਮਦਾਤਾ ਸ਼ਾਇਦ ਇਤਾਲਵੀ ਲੋਕ ਸਨ। ਅੱਜ ਇਟਲੀ ਵਿਚ ਜੇ ਕੋਈ ਕਿਸੇ ਨੂੰ ਮਿੱਥ ਕੇ 'ਨੀਗਰੋ' ਕਹੇ ਤਾਂ ਉਸ ਤੇ ਮੁਕੱਦਮਾ ਚੱਲ ਸਕਦਾ ਹੈ, ਸਜ਼ਾ ਹੋ ਸਕਦੀ ਹੈ। ਜੂਨ 2007 ਵਿਚ ਅੰਗਰੇਜ਼ੀ ਦੇ 'ਬਿਗ ਬ੍ਰਦਰ' ਸ਼ੋਅ ਨੇ ਅਦਾਕਾਰ ਐਮਿਲੀ ਪਾਰ ਨੂੰ ਆਪਣੇ ਸਾਥੀ ਚਾਰਲੀ ਉਚੇਆ ਨੂੰ Nigger ਕਹਿਣ ਤੇ ਕੱਢ ਦਿੱਤਾ। ਅਠਾਈ ਅਕਤੂਬਰ 2007 ਨੂੰ ਨਿਊਯਾਰਕ ਸਿਟੀ ਕੌਂਸਲ ਨੇ ਮਤਾ ਪਾਸ ਕਰਕੇ Nigger ਸ਼ਬਦ ਦੀ ਵਰਤੋਂ ਗੈਰ-ਕਾਨੂੰਨੀ ਐਲਾਨ ਕੀਤੀ।

'ਨੀਗਰੋ' ਸ਼ਬਦ ਦਾ ਅਰਥ ਕਿਸੇ ਵੇਲੇ "ਰੱਬ" ਸੀ, ਤੇ ਕਿਸੇ ਵੇਲੇ ਇਹ ਗਾਲ੍ਹ ਹੋ ਗਿਆ। 'ਚਮਾਰ' ਸ਼ਬਦ ਚੰਮ ਦਾ ਕਿੱਤਾ ਕਰਨ ਵਾਲੇ ਲਈ ਸੀ, ਅੱਜ ਇਹ ਧਿਰਕਾਰ ਹੈ। ਸਾਡੇ ਵੇਲਿਆਂ ਵਿਚ ... ਸੱਚ, ਆਜ਼ਾਦੀ, ਪਿਆਰ, ਧਰਮ, ਸਿਆਣਪ, ਰਿਸ਼ਤੇ ... ਕਿੰਨੇ ਹੀ ਸ਼ਬਦਾਂ ਦੇ ਅਰਥ ਬਦਲ ਜਾਂ ਗੁਆਚ ਰਹੇ ਹਨ।

ਅਰਥ ਸ਼ਬਦ ਦੀ ਜਾਨ ਹੈ। ਅਸਲੀ ਅਰਥ ਨੂੰ ਮਾਰਨਾ ਜਾਂ ਦੁਰਕਾਰਨਾ ਸ਼ਬਦ ਦਾ ਅਪਮਾਨ ਹੈ। ਸ਼ਬਦ ਨਿਰੀ ਸਾਡੀ ਵਰਤੋਂ ਦੀ ਵਸਤ ਨਹੀਂ। ਜੇ ਸ਼ਬਦ ਸਾਡਾ ਮਿੱਤਰ ਪਿਆਰਾ ਹੈ, ਜੇ ਏਹਦੀ ਹਸਤੀ ਸਾਡੇ ਲਈ 'ਜਿਊਂਦੀ' ਹੈ, ਤਾਂ ਸਾਨੂੰ ਏਹਦੇ ਅਰਥ ਦੀ ਮੌਤ ਦਾ ਦੁੱਖ ਹੁੰਦਾ ਹੈ, ਹੋਣਾ ਚਾਹੀਦਾ ਹੈ।

ਜੇ ਸਮਾਜਕ ਸਥਿਤੀਆਂ ਸ਼ਬਦਾਂ ਦਾ ਅਰਥ ਬਦਲ ਸਕਦੀਆਂ ਹਨ ਤਾਂ ਸ਼ਬਦ ਵੀ ਸਮਾਜਕ ਸਥਿਤੀਆਂ ਬਦਲ ਸਕਦੇ ਹਨ, ਬਦਲਦੇ ਹਨ। ਏਸ ਵਾਸਤੇ ਉਨ੍ਹਾਂ ਦੇ ਅਸਲੀ ਅਰਥਾਂ ਜੀਣੇ ਪੈਂਦੇ ਹਨ ...

ਉਹ ਲਿਖਣਾ ... ਜੋ ਸ਼ਬਦਾਂ ਨੂੰ ਉਨ੍ਹਾਂ ਦੇ ਅਸਲੀ ਅਰਥ ਪਰਤਾਅ ਦੇਵੇ ... ਕਿਸ ਤਰ੍ਹਾਂ ਦਾ ਹੋਏਗਾ ...



# ਕਾਲਾ ਬੰਦਾ

ਕਾਲਾ ਬੰਦਾ ਕਹਿੰਦਾ ਹੈ
"ਨੀਗਰੋ ਨਹੀਂ ਮੈਨੂੰ ਕਾਲਾ ਕਹੋ"

ਮੈਂ ਪੁਛਦਾ ਹਾਂ
'ਸ਼ਬਦ ਬਦਲਣਾ -
ਕੀ ਤੈਨੂੰ ਵੀ ਬਦਲ ਦਏਗਾ ?'

ਉਹ ਕਹਿੰਦਾ ਹੈ
"ਸ਼ਬਦ ਨਹੀਂ     ਤੁਸਾਂ ਸੱਚ ਬਦਲਿਆ
ਕਾਲਾ ਹੋਣਾ     ਸੱਚ ਕੁਦਰਤ ਦਾ
ਨੀਗਰੋ ਹੋਣਾ     ਧਿੰਗੋਜ਼ੋਰੀ ਮੜ੍ਹਿਆ ਝੂਠ"

ਮੈਂ ਕਹਿੰਦਾ ਹਾਂ
'ਜਿਵੇਂ ਵੀ ਹੋਇਆ
ਨੀਗਰੋ ਹੋਣ ਦਾ ਸੱਚ ਹੁਣ ਤੇਰੇ ਨਾਲ ਜੁੜ ਗਿਐ'

ਉਹ ਕਹਿੰਦਾ ਹੈ
"ਬੰਦਾ ਛੋਹੀਏ ਫੁੱਲ ਸਰੀਰ ਤੇ ਮੋਹ ਦੇ ਨਾਲ
ਤੁਸੀਂ ... ਤਾਂ ਮੈਨੂੰ ਜੰਮ ਜੰਮ ਛੋਹੋ
ਅੱਗ ਝੂਠ ਟਕੂਏ ਅਪਮਾਨ ਜਾਂ ਅੱਖਰ ਮੈਲ਼ੇ
ਨਾਲ਼ ਨਾ ਛੋਹੋ"

ਮੈਂ ਕਹਿੰਦਾ ਹਾਂ
'ਨੀਗਰੋ ਸ਼ਬਦ - ਮੈਂ ਨਹੀਂ ਘੜਿਆ
ਅਰਥ ਏਸਦਾ - ਮੇਰੀ ਜ਼ਿੰਮੇਵਾਰੀ ਨਹੀਂ'

ਉਹ ਕਹਿੰਦਾ ਹੈ
"ਸਾਡੇ ਵਿੱਚੋਂ ਕਿਸੇ ਵੀ ਧਰਤੀ ਨੂੰ ਨਹੀਂ ਘੜਿਆ
ਪਰ ਜਿਸ ਜਿਸ ਦਾ ਇਸ ਤੇ ਭਾਰ
ਓਹ ਧਰਤੀ ਲਈ ਜ਼ਿੰਮੇਵਾਰ
ਚੋਟ ਹਥੌੜੇ ਦੀ ਲਈ ਹੱਥ ਹੈ ਜ਼ਿੰਮੇਵਾਰ
ਉਚਰੇ ਸ਼ਬਦ ਦੇ ਅਰਥ ਵਾਸਤੇ ਉਚਰਣ ਵਾਲਾ ਜ਼ਿੰਮੇਵਾਰ"

ਮੈਂ ਕਹਿੰਦਾ ਹਾਂ
'ਜੇ ਇਹ ਜ਼ਿੰਮੇਵਾਰੀ ਲੈਣ ਤੋਂ
ਮੈਂ ਇਨਕਾਰ ਕਰਾਂ ਤਾਂ ...'

ਉਹ ਕਹਿੰਦਾ ਹੈ
"ਆਪਣੀ ਨਾਂਹ ਦਾ ਮੁੱਲ ਤਾਰੀਏ !
ਜੇ ਧਰਤੀ ਦੀ ਜ਼ਿੰਮੇਵਾਰੀ ਨਹੀਂ ਲੈਣੀ ਤਾਂ ਇਸ ਤੋਂ ਹਟੀਏ
ਬੋਲ ਦਾ ਜ਼ਿੰਮਾ ਨਹੀਂ ਲੈਣਾ ਤਾਂ ਗੂੰਗੇ ਹੋਈਏ
ਬੰਦੇ ਦੇ ਆਦਰ ਦਾ ਜ਼ਿੰਮਾ ਨਹੀਂ ਲੈਣਾ ਤਾਂ
ਖ਼ੁਦ ਨੂੰ ਵੀ ਬੰਦਾ ਨਾ ਕਹੀਏ"

ਮੈਂ ਕਹਿੰਦਾ ਹਾਂ
'ਨੀਗਰੋ ਸ਼ਬਦ ਤੋਂ ਮੁਨਕਰ ਹੋ ਕੇ
ਤੂੰ ਇਤਿਹਾਸ ਤੋਂ ਮੁੱਕਰ ਰਿਹਾ ਹੈਂ'

ਉਹ ਕਹਿੰਦਾ ਹੈ ...

"ਨੀਗਰੋ ਹੋਣਾ ਸੱਚ ਨਹੀਂ   ਇਕ ਤੱਥ ਹੈ ਮੇਰਾ
ਮੇਰੇ ਵਾਲ ਦੀ ਇਕ ਇਕ ਘੁੰਗਰ ਵਿੱਚ ਪਰੁੱਚਿਆ
ਪਿੰਡੇ ਦੇ ਹਰ ਰੇਸ਼ੇ ਅਤੇ ਮੁਸਾਮ 'ਚ ਲੱਥਾ
ਮੇਰੀ ਕਲਿੱਤਣ ਦੀ ਹਰ ਬੂੰਦ 'ਚ ਸਦੀਆਂ ਤੋਂ ਘੁਲਿਆ
ਤੈਨੂੰ ਇਹ ਇਤਿਹਾਸ ਸੁਣਾਵਾਂਗਾ ਮੈਂ ਆਪੇ
ਪਰ ਇਸਨੂੰ ਦੁਹਰਾਉਣਾ ਨਹੀਂ
ਨਾ ਅਰਥਾਂ ਵਿਚ   ਨਾ ਸ਼ਬਦਾਂ ਵਿਚ"

ਮੈਂ ਪੁਛਦਾ ਹਾਂ
'ਤੈਨੂੰ ਹਰੀਜਨ ਆਖ ਲਵਾਂ ?'

ਉਹ ਕਹਿੰਦਾ ਹੈ
"ਜੇਕਰ ਤੈਨੂੰ ਮੇਰੇ ਵਿਚੋਂ ਹਰੀ ਨਾ ਦਿੱਸੇ
ਮੈਨੂੰ ਹਰੀਜਨ ਕਿਵੇਂ ਕਹੇਂ ?
ਹਰੀਜਨ ਸ਼ਬਦ ਉਚਾਰਦਿਆਂ ਵੀ ਤੈਨੂੰ
ਮੈਂ ਨਹੀਂ ਮੇਰਾ ਰੰਗ ਹੀ ਦਿੱਸੇ
ਤੇਰਾ ਨੱਕ ਅਜੇ ਵੀ ਮੈਨੂੰ ਬੋਅ ਵਾਂਗੂੰ ਹੀ ਸੁੰਘੇ"

ਮੈਂ ਪੁੱਛਦਾ ਹਾਂ
'ਕੀ ਤੇਰੀ ਜੰਗ ਭਾਸ਼ਾ ਨਾਲ ਹੈ ?'

ਉਹ ਕਹਿੰਦਾ ਹੈ
"ਜੀਭ ਅਤੇ ਭਾਸ਼ਾ ਤਾਂ ਕੇਵਲ ਸ਼ਬਦ ਉਚਾਰੇ
ਬੰਦੇ ਦੀ ਦ੍ਰਿਸ਼ਟੀ ਉਸ ਵਿਚਲਾ ਅਰਥ ਉਚਾਰੇ
ਮੈ ਲਭਦਾ ਫ਼ਿਰਦਾ ਉਹ ਦ੍ਰਿਸ਼ਟੀ
ਜਿਹੜੀ ਚੰਮ ਤੇ ਰੰਗ ਤੋਂ ਪਾਰ ਉਤਰ ਕੇ ਛੋਹੇ
ਜੋ ਇਤਿਹਾਸ ਤੋਂ ਪਾਰ ਉਤਰ ਕੇ ਵੇਖੇ
ਉਸ ਦ੍ਰਿਸ਼ਟੀ ਨਾਲ
ਮੈਨੂੰ ਨੀਗਰੋ ਕਹੀਂ ਜਾਂ ਨਿੱਗਰ
ਹਰੀਜਨ ਉਚਰੀਂ ਜਾਂ ਰੰਗਦਾਰ
ਮੈਨੂੰ ਹੋਸੀ ਸਭ ਸਵੀਕਾਰ

ਜਿਸ ਦਿਨ ਤੂੰ ਸਵੀਕਾਰ ਕਰੇਂਗਾ ਮੈਨੂੰ ਓਵੇਂ
ਜਿਵੇਂ ਮੈਂ ਹਾਂ
ਮੈਂ ਸਵੀਕਾਰ ਕਰਾਂਗਾ ਤੇਰਾ ਦਿੱਤਾ ਹਰ ਇਕ ਨਾਂ ...

ਪਰ ਉਹ ਸੂਰਜ ਚੜ੍ਹਣ ਤੋਂ ਪਹਿਲਾਂ
ਤੁਸੀਂ ਨਹੀਂ ਮੈਂ ਨਿਰਣਾ ਕਰਨਾ
ਮੈਨੂੰ - ਕੀ ਕਹੋ
... ... ...
ਨੀਗਰੋ ਨਹੀਂ ...
ਮੈਨੂੰ ਕਾਲਾ ਕਹੋ ..."

# ਨਾਂ

ਜੇ ਮੈਂ
ਕੁਝ ਨਾ ਬਣ ਸਕਾਂ
ਮੈਨੂੰ ਆਪਣੇ ਜਾਣ ਪਛਾਣੇ
ਨਿਕੰਮੇ ਕੁਚੱਜੇ ਵਿਹਲੜ
ਮਿੱਤਰ ਗੁਆਂਢੀ ਜਾਂ ਪਿੱਤਰ
ਦਾ ਨਾਉਂ ਨਾ ਦੇਣਾ

ਮੈਂ ਕੁਝ ਬਣ ਜਾਵਾਂ
ਹੋ ਜਾਵਾਂ ਜਾਂ ਕਰ ਜਾਵਾਂ
ਤਾਂ ਵੀ ਕੋਈ ਤੁਲਨਾ ਨਾ ਦੇਣਾ
ਮੈਨੂੰ ਬੁੱਧ ਨਿਊਟਨ ਮਿਰਜ਼ਾ ਸਾਰਤਰ
ਗਾਂਧੀ ਪਿਕਾਸੋ ਘਨਈਆ ਜਾਂ ਹਿਟਲਰ
ਨਾ ਕਹਿਣਾ

ਮੈਨੂੰ ਕਦੀ ਵੀ
ਕੋਈ ਵੀ
ਕਿਸੇ ਦਾ ਵੀ
ਨਾਂ ਨਹੀਂ ਚਾਹੀਦਾ

ਮੇਰੀ ਨਾਂਹ ਹਉਮੈ ਨਹੀਂ
ਨਾਂ ਦੀ ਲੋੜ
ਹਉਮੈ ਨੂੰ ਹੁੰਦੀ

ਸ੍ਰਿਸ਼ਟੀ ਅੰਦਰ ਕਿਸੇ ਵੀ
ਪੌਦੇ ਜੀਵ ਪਹਾੜ
ਹਵਾ ਜਾਂ ਬੱਦਲ
ਆਪਣਾ ਨਾਂ ਨਹੀਂ ਰੱਖਿਆ
ਉਹ ਨਹੀਂ ਚਾਹੁੰਦੇ ਹੋਣਾ
ਹੋਰ ਕਿਸੇ ਵਰਗਾ
ਕੋਈ ਧਰਤੀ ਤਾਰਾ ਚੰਨ ਜਾਂ ਉਲਕਾਪੱਥਰ
ਕਿਸੇ ਹੋਰ ਦੀ ਲੀਹ ਨਾ ਚਲਦਾ

ਮੈਂ ਨਾ ਜੀਣੀ ਲੀਹ ਕਿਸੇ ਦੀ
ਮੇਰਾ ਕੋਈ ਬੰਸ ਨਹੀਂ
ਮੇਰਾ ਜਨਮ ਕਿਸੇ ਤੋਂ ਹੋਇਆ
ਪਰ ਮੈਂ ਆਪਣੇ ਆਪ ਤੋਂ ਹੁੰਦਾ
ਆਪਣੇ ਆਪ ਤੇ ਮੁੱਕ ਜਾਣਾ

ਇਹ ਮੇਰੀ
ਆਜ਼ਾਦੀ ਹੈ

ਮੈਂ ਕਰੋੜਾਂ ਸਾਲਾਂ
ਜਗਦਾ ਸੂਰਜ ਹੋਵਾਂ
ਭਾਵੇਂ
ਪਲਕ ਝਪਕ ਵਿਚ ਟੁੱਟਦਾ ਤਾਰਾ
ਮੈਨੂੰ ਕਿਸੇ ਦਾ ਨਾਂ ਨਾ ਦੇਣਾ

ਏਹੋ ਆਦਰ ਮੈਂ
ਤੁਹਾਨੂੰ ਦੇਵਾਂ ...

# ਗਲਤੀਆਂ

ਆਪਣੇ ਹਿੱਸੇ ਦੀਆਂ ਗਲਤੀਆਂ ਕਰਨ
ਘਰੋਂ ਨਿਕਲਣ ਲੱਗਾ ਹਾਂ

ਹੋ ਸਕਦਾ ਹੈ ਗਲਤੀਆਂ ਕਰਦੇ
ਅੱਖਾਂ ਕੰਨਾਂ ਨਾਸਾਂ ਵਿੱਚ ਰੇਤਾ ਭਰ ਜਾਵੇ
ਕੋਈ ਗੱਲ ਨਹੀਂ
ਮੈਂ
ਰੇਤ ਸੁਣਨ ਵੇਖਣ ਤੇ ਸੁੰਘਣ ਚੱਲਿਅ ਹਾਂ
ਸ਼ਾਇਦ ਕੁਝ ਕੁ ਅੰਗ ਗੁਆਚਣ
ਜਾਂ ਹੋ ਸਕਦਾ ਸੁਰਤ ਗੁਆਚੀ ਲੱਭ ਪਵੇ
ਸ਼ਾਇਦ ਥੱਕ ਟੁੱਟ ਰਾਹ ਵਿੱਚ ਹੀ ਮੁੱਕ ਜਾਵਾਂ
ਪਰ ... ਘਰ ਰਹਿ ਕੇ ਵੀ ਮੁੱਕ ਹੀ ਜਾਣਾ ...

ਮੋਹ ਤੁਹਾਡਾ ਮੇਰੇ ਲਈ ਇਹ ਫ਼ਿਕਰ ਜਗਾਵੇ
ਕਿ ... "ਮੈਂ ਜ਼ਿੰਦਗੀ 'ਸਫ਼ਲ' ਕਰਨ ਦਾ
ਮੌਕਾ ਹੱਥੋਂ ਛੱਡ ਰਿਹਾ ..."
ਤੁਹਾਡੇ ਮੋਹ ਲਈ ਆਦਰ ਆਵੇ

ਪਰ
ਜੋ ਸਫ਼ਲਤਾ -
ਮਿੱਥੀ ਹੋਈ ਤੁਹਾਡੇ ਵੱਲੋਂ -
ਜਿਸ ਦੀ ਪਰਿਭਾਸ਼ਾ ਵੀ ਤੁਹਾਡੀ -
ਮੱਥਾ ਹੱਥ ਜਾਂ ਪੈਰ ਉਧਾਰੇ ਲੈ ਤੁਹਾਥੋਂ -
ਮੈਨੂੰ ਮਿਲ ਵੀ ਜਾਵੇ ਤਾਂ ਉਹ
ਮੇਰੀ ਸਫ਼ਲਤਾ ਕਿਵੇਂ ਹੋ ਸਕਦੀ ?

ਮੈਂ ਸਫ਼ਲਤਾ ਹਾਸਲ ਕਰਨੀ
ਆਪਣੀ
ਹਾਰਣਾ ਵੀ -
ਆਪਣੇ ਹਿੱਸੇ ਦਾ
ਗ਼ਲਤੀਆਂ ਕਰਨੀਆਂ -
ਆਪਣੀਆਂ ...
ਆਪਣੇ ਹਿੱਸੇ ਦੀਆਂ ...

# ਜਿਉਂਦੇ ਜਾਗਦੇ

ਜਾਹ ਸੱਜਣਾ
ਜਿਉਂਦਾ ਰਹਿ !
ਵਸਦਾ ਰਹਿ !

ਵਸਣਾ ਆਪਣੇ ਹੱਥ
ਹਮੇਸ਼ਾ ਨਹੀਂ ਹੁੰਦਾ
ਜੇਕਰ ਵੱਸਿਆ ਨਾ ਹੀ ਜਾਵੇ
ਜਿਉਂਦਾ ਰਹੀਂ

ਜਿਉਂਦਾ ਬੰਦਾ
ਜਾਗਦਾ ਰਹਿੰਦਾ
ਤੁਰਦਾ ਰਹਿੰਦਾ

ਤੁਰਦਾ ਬੰਦਾ
ਆਖ਼ਰ ਓਥੇ ਅੱਪੜ ਜਾਂਦਾ
ਜਿਥੇ ਹੁੰਦੀ ਵੱਸਣ ਜੋਗੀ
ਝੋਕ ਸਾਈਂ ਦੀ

ਜਾਹ ਸੱਜਣਾ
ਜਿਉਂਦਾ ਰਹਿ !
ਜਾਗਦਾ ਰਹਿ !!



# ਜਿਊਂਦੀ ਕਵਿਤਾ

ਉਸਦੀ ਕਵਿਤਾ ਲਹਿ ਜਾਵੇ
ਸੱਜਣ ਠੱਗ ਅੰਦਰ
ਸਿੱਧ ਜੋਗੀਆਂ
ਲਾਲੋ ਭਾਗੋ ਬਾਬਰ ਅੰਦਰ
ਪੰਜ ਸੌ ਸਾਲ
ਮਗਰੋਂ ਜਨਮੇ ਬੰਦਿਆਂ ਅੰਦਰ

ਉਸਦਾ ਜੀਣਾ ਜਾਗਣ ਵਰਗਾ
ਸਦੀਆਂ ਬਾਅਦ ਵੀ ਜਾਗੇ ਜੀਵੇ
ਉਸਦੀ ਕਵਿਤਾ

ਉਹ ਕਵੀ
ਕਵੀ ਹੋਣ ਦਾ ਜਤਨ ਨਾ ਕਰਦਾ
ਤੁਰਦਾ
ਤੁਰਣ ਦਾ ਜਤਨ ਨਾ ਕਰਦਾ

ਉਹ ਜਿਊਂਦਾ
ਓਥੇ ਜਿਥੇ
ਸੱਭੋ ਕੁਝ ਜਤਨਾਂ ਤੋਂ ਪਾਰ

ਜੀਣਾ
ਹਸਣਾ
ਲੜਣਾ
ਸੱਚ ਬੋਲਣਾ
ਬੇਪਰਵਾਹ ਹੋਣਾ
ਮਰ ਕੇ ਵੀ ਜਿਊਂਦੇ ਰਹਿਣਾ ...

# ਕਵਿਤਾ ਦੀ ਉਡੀਕ

ਕਿੰਨੀ ਛੋਟੀ
ਤੁਕਾਂ ਦੀ ਝੋਲ਼ੀ
ਕਵਿਤਾ ਕਿੰਜ ਸਮਾਵੇ ?
ਕਵਿਤਾ ਟੋਲੇ ਮੈਨੂੰ
ਮੈਂ ਕਵਿਤਾ ਨੂੰ ...

ਮੇਰੇ ਅੰਦਰ ਕਿੰਨੇ ਕਮਰੇ
ਸਾਰੇ ਭਰੇ ਸਮਾਨ ਨਾਲ
    ਕਿਤੇ ਵਿਚਾਰ
    ਕਿਤੇ ਤਕਰੀਰਾਂ
    ਕਿਧਰੇ ਨਿਰਣੇ
ਕਵਿਤਾ ਨੂੰ ਨਾ ਲੱਭੇ ਕੋਈ
ਖ਼ਾਲੀ ਵਿਹੜਾ
ਦਰਵਾਜ਼ੇ ਤੇ ਖੜੀ ਉਡੀਕੇ
ਮੈਂ ਵੀ ਖਲੋਤਾ
ਆਪਣੇ ਅੰਦਰ
ਆਪਣੇ ਦਰ ਤੇ ...

ਮੈਂ ਹੋਵਾਂ ਅੰਦਰੋਂ ਬੇਘਰ
ਉਹ ਮੇਰੇ ਅੰਦਰ ਆਵੇ
ਇਕ ਦੂਜੇ ਗਲ ਬਾਹਾਂ ਪਾਈਏ

ਅਸੀਂ ਦੋਏ
ਆਵਾਰਾ
ਖਿੜਖਿੜ ਹੱਸੀਏ ...

## ਅੰਤਮ ਕਵਿਤਾ

ਇਹ ਕਵਿਤਾ ਹੈ ਅੰਤਮ
ਇਸਨੂੰ ਪੂਰਨ ਮਗਰੋਂ
ਵਿਦਾ ਹੋ ਜਾਣਾ

ਕੋਈ ਕਾਹਲ ਨਾ ਪੂਰਨ ਦੀ
ਨਾ ਚਿੰਤਾ ਅਗਲੀ ਰਚਨਾ ਦੀ
ਨਾ ਝੋਰਾ ਉਸ ਕਵਿਤਾ ਦਾ
ਜੋ ਰਹੀ ਅਧੂਰੀ

ਇਹ ਕਵਿਤਾ ਲਿਖਣੀ ਹੈ
ਆਪਣੀ ਗੋਦੀ ਬਹਿ ਕੇ
ਧਰਤੀ ਵਾਂਗ ਇਕਾਗਰ ਹੋ ਕੇ
ਪੌਣਾਂ ਵਾਂਗੂੰ ਬੇਪਰਵਾਹ
ਪਾਣੀ ਵਾਂਗੂੰ ਰੱਜ ਕੇ
ਅਗਨ ਵਾਂਗ ਸ਼ੁੱਧ ਹੋ ਕੇ

ਮੈਂ ਇਸ ਕਵਿਤਾ ਵਿੱਚ ਘੁਲ ਜਾਣਾ
ਪਿੱਛੇ ਕੁਝ ਨਾ ਛੱਡਣਾ

ਕੋਈ ਯਾਦ ਕਰੇ ਤਾਂ
ਮੈਂ ਨਹੀਂ
ਰਚਨਾ ਚੇਤੇ ਆਵੇ

ਇਸ ਤੋਂ ਪਿਛਲੀ ਕਵਿਤਾ ਵੀ
ਬਹੁੜੀ ਸੀ ਏਵੇਂ
ਕਾਗਦ ਕਾਨੀ ਮਿਹਰ ਵਸਾਵੇ
ਅਗਲੀ ਕਵਿਤਾ –
ਹਰ ਕਵਿਤਾ –
ਅੰਤਮ ਕਵਿਤਾ ਬਣ ਬਣ ਆਵੇ ...



# ਪੁਸਤਕ ਮਿਲਣ ਦੀਆਂ ਥਾਵਾਂ


**SUKHPAL**

59-Southcreek Trail
Guelph, Ontario
CANADA - N1 G4 Y9

Phone : **001 519 265 1265**
e-Mail : **sukhpal@live.com**

Antarnaad Parkashan
Box-84, Main Post Office
Patiala, Punjab, INDIA



**Ravi Sahit Parkashan**
Mohan S. Rahi
Phone : +91 (183) 225-8633
e-Mail : ravisahitparkashan@yahoo.co.in
11 - GNDU Shopping Complex
PO Khalsa College, GT Road, Amritsar.

**Punjabi Kitab Ghar**
Harvinder S. Sidhu
Phone : 98720-33997
e-Mail : singh.harvinder064@gmail.com
Opposite Cinema Market, Mansa.

**Punjab Book Centre**
A.S. Paul
Phone : +91 (172) 270-1952
e-Mail : pbcchd@yahoo.co.in
SCO : 1126-27, Sector 22-B
Chandigarh.

**Resham Singh**
Phone : + 91 (163) 326-3092
Mobile : +91 90232-84112
819 - VII/B Adarsh School Lane
Kotkapura Road, Muktsar.

**The Cranials Printers**
Dr S B Pandhi
Phone : +91 (161) 242-1872, +91 98760-20882
e-Mail : cranials@gmail.com
50-Partap Colony, Model Gram, Ludhiana.